Postal No. - Jallandhar Vide No. L-4/PB/JL-0196/2024-2026

Read No. 32212/78

ਲੁਬਾਣਾ ਸੇਵਕ

ਜੁਲਾਈ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਅਦਾਰਾ 'ਲੁਬਾਣਾ ਸੇਵਕ' ਵੱਲੋਂ ਮੀਰੀ-ਪੀਰੀ ਦਿਵਸ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ



ਮੀਰੀ-ਪੀਰੀ ਦਿਵਸ ਸੰਗਤਾਂ ਬੜੇ ਉਤਸ਼ਾਹ ਅਤੇ ਗੌਰਵਮਈ ਢੰਗ ਨਾਲ ਮਨਾ ਰਹੀਆਂ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 19 ਜੂਨ 1595 ਈ. ਨੂੰ ਗੁਰੂ ਕੀ ਵਡਾਲੀ ਵਿਖੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖੋਂ ਹੋਇਆ। ਗੁਰੂ ਪਿਤਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਅਤੇ ਸਮੇਂ ਦੀ ਮੰਗ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜੋ ਉਸ ਸਮੇਂ ਗੁਰਗੱਦੀ ਦੀ ਸੇਵਾ ਨਿਭਾਅ ਰਹੇ ਸਨ, ਨੇ ਧਰਮ ਦੇ ਨਾਲ-ਨਾਲ ਸਵੈ ਰੱਖਿਆ ਅਤੇ ਮਜਲੂਮਾਂ ਉਤੇ ਹੋ ਰਹੇ ਜ਼ੁਲਮ ਨੂੰ ਨੱਥ ਪਾਉਣ ਲਈ ਸ਼ਾਸ਼ਤਰ ਅਤੇ ਸ਼ਸ਼ਤਰ ਧਾਰਨ ਕੀਤੇ ਅਤੇ ਵੈਰੀਆਂ ਨਾਲ ਮੁਕਾਬਲਾ ਜਿੱਤ ਕੇ ਚੜ੍ਹਦੀ ਕਲਾ ਨਾਲ ਮੀਰੀ-ਪੀਰੀ ਦੀ ਸ਼ੁਰੂਆਤ ਕੀਤੀ। ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਸਥਾਪਤ ਕੀਤੇ। ਧਰਮ ਅਤੇ ਰਾਜਨੀਤਕ ਦ੍ਰਿੜ੍ਹਤਾ ਲਈ ਸ਼ਸ਼ਤਰਧਾਰੀ ਹੋ ਕੇ ਜਥੇਬੰਦਕ ਹੋਣਾ ਕੀਤਾ। ਧਰਮ ਲਈ ਨਿਸ਼ਾਨ ਸਾਹਿਬ 101 ਫੁੱਟ ਅਤੇ ਸ਼ਸ਼ਤਰ-ਰਾਜਨੀਤਕ ਨਿਸ਼ਾਨ ਸਾਹਿਬ 100 ਫੁੱਟ ਉੱਚੇ ਸਥਾਪਤ ਕੀਤੇ ਤਾਂ ਜੋ ਧਰਮੀ ਰਹਿ ਕੇ ਗੁਰੂ ਆਸ਼ੇ ਅਨੁਸਾਰ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਇਹ ਸਿਲਸਿਲਾ ਧਾਰਮਿਕ ਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਚੱਲਿਆ ਜੋ ਕਿ ਇਕ ਦੁਨੀਆਂ ਵਿਚ ਵਿਲੱਖਣ ਇਤਿਹਾਸ ਬਣਿਆ ਹੈ ਅਤੇ ਸਿੱਖੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਲੋਂ ਸ਼ੁਰੂ ਕੀਤੀ ਗਈ ਸੀ ਉਹ ਫੈਸਲਾਕੁੰਨ ਹੋ ਨਿਬੜੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਚਾਰ ਜੰਗ ਲੜੇ। ਇਨ੍ਹਾਂ ਜੰਗਾਂ ਦੌਰਾਨ ਆਪ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਉਜਾਗਰ ਕੀਤਾ। ਇਨ੍ਹਾਂ ਚਹੁੰ ਜੰਗਾਂ ਦੇ ਛਿੜੀ ਕਾਰਨ ਬੇਸ਼ੱਕ ਨਿੱਕੇ-ਨਿੱਕੇ ਸਨ। ਹਕੂਮਤ ਦੇ ਨਸ਼ੇ ਵਿਚ ਅਤੇ ਧਾਰਮਿਕ ਕੱਟੜਤਾ ਦੇ ਪ੍ਰਭਾਵ ਹੇਠ ਮੁਗਲ ਹੁਕਮਰਾਨ ਗੁਰੂ-ਘਰ ਪ੍ਰਤੀ ਵਧ ਰਹੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਪਿਆਰ ਤੋਂ ਦੁਖੀ ਸਨ। ਬਰਾਬਰੀ, ਏਕਤਾ ਦੇ ਪ੍ਰਚਾਰ ਅਤੇ ਜਾਤ-ਪਾਤ ਦੇ ਖੰਡਨ ਨੂੰ ਨਾ ਤਾਂ ਕਾਜ਼ੀ ਪਸੰਦ ਕਰਦੇ ਸਨ ਅਤੇ ਨਾ ਹੀ ਹਿੰਦੂ ਧਰਮ ਵਿਚਲੀ ਉੱਚੀ ਸ਼੍ਰੇਣੀ ਇਸ ਗੱਲ ਨੂੰ ਚਾਹੁੰਦੀ ਸੀ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਨਾਨਕ ਸਾਹਿਬ ਜੀ ਬਾਬਰ ਦੀ ਜੇਲ੍ਹ ਵਿਚ ਗਏ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਹੋਈ। ਇਸੇ ਵਿਰੋਧ ਦਾ ਹੀ ਸਿੱਟਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਬਾਅਦ ਵਿਚ ਛੋਟੇ-ਛੋਟੇ ਕਾਰਨਾਂ ਦੇ ਬਹਾਨੇ ਬਣਾ ਕੇ ਗੁਰੂ ਜੀ ਨੂੰ ਚਾਰ ਜੰਗ ਲੜਨ ਲਈ ਮਜ਼ਬੂਰ ਕੀਤਾ ਗਿਆ।

ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਜੰਗਾਂ ਦੌਰਾਨ ਗੁਰੂ ਜੀ ਧਾਰਮਿਕ ਤੌਰ 'ਤੇ ਸਾਰੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਵਾਲਾ ਵਿਹਾਰ ਕਰਦੇ ਰਹੇ। ਆਪ ਜੰਗਾਂ ਲੜਦੇ ਹੋਏ ਵੀ ਆਪਣੇ ਗੁਰਗੱਦੀ ਪ੍ਰਤੀ ਫਰਜ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਆਪ ਜੀ ਦੀ ਸੰਤਤਾਈ ਤੋਂ ਮੁਹਸਨ ਫ਼ਾਨੀ, ਸਾਈਂ ਮੀਆਂ ਮੀਰ, ਨੂਰ ਜਹਾਂ ਅਤੇ ਹੋਰ ਸੂਫ਼ੀ ਫ਼ਕੀਰ ਪੂਰੀ ਤਰ੍ਹਾਂ ਪ੍ਰਭਾਵਿਤ ਸਨ। ਜਿਹੜਾ ਇਕ ਵਾਰ ਆਪ ਜੀ ਦੀ ਸੰਗਤ ਵਿਚ ਆ ਜਾਂਦਾ ਸੀ, ਉਹ ਆਪ ਜੀ ਦਾ ਹੀ ਹੋ ਕੇ ਰਹਿ ਜਾਂਦਾ ਸੀ। ਗੁਰੂ ਜੀ ਦੇ ਯੋਧੇ ਸਿਪਾਹੀ ਲੜਦੇ ਹੋਏ ਇਹ ਸਮਝਦੇ ਸਨ ਕਿ ਉਹ ਸੱਚ ਅਤੇ ਧਰਮ ਦੀ ਖ਼ਾਤਰ ਲੜ ਰਹੇ ਹਨ। ਉਹ ਤਨਖਾਹ ਜਾਂ ਜ਼ਮੀਨ ਦੇ ਲਾਲਚ ਵਾਸਤੇ ਨਹੀਂ ਲੜਦੇ ਸਨ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਿਲੇ ਹੋਏ ਲਕਸ਼ਾਂ ਨੂੰ ਲੜੇ ਗਏ ਜੰਗਾਂ ਦੌਰਾਨ ਸੱਚ ਕਰ ਵਿਖਾਇਆ। ਆਪ ਸੱਚਮੁੱਚ ਹੀ ਅਮਲੀ ਅਰਥਾਂ ਵਿਚ ਮੀਰੀ-ਪੀਰੀ ਦੇ ਮਾਲਕ, ਵਡ-ਯੋਧੇ, ਦਲਿ-ਭੰਜਨ, ਪਰਉਪਕਾਰੀ, ਗੁਰੂ-ਸੂਰਮੇ, ਸੱਚੇ ਪਾਤਸ਼ਾਹ, ਦੀਨ-ਦੁਨੀ ਦੇ ਪਾਤਸ਼ਾਹ ਅਤੇ ਬੰਦੀ-ਛੋਡ ਦਾਤਾਰ ਸਨ। ਆਪ ਜੀ ਵੱਲੋਂ ਲੜੀਆਂ ਗਈਆਂ ਜੰਗਾਂ ਦੇ ਵੇਰਵੇ ਪੜ੍ਹਦਿਆਂ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਸਾਡੀਆਂ ਅੱਖਾਂ ਸਾਹਮਣੇ ਅਮਲੀ ਰੂਪ ਵਿਚ ਸਾਕਾਰ ਹੁੰਦੀ ਹੈ। ਆਪ ਜੀ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਗੁਰਮਤਿ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਤੋਂ ਵੀ ਵੱਧ ਕੇ ਜ਼ਰੂਰੀ ਹੈ ਇਹ ਮੰਨ ਕੇ ਚੱਲਣਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਹੀ ਸਨ। ਕੇਵਲ ਇਸ ਢੰਗ ਨਾਲ ਹੀ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਗਾਂ ਵਿਚ ਚੱਲਦੀ ਤਲਵਾਰ ਦਾ ਪ੍ਰੇਮ-ਮਈ ਅਨੰਦ ਮਾਣ ਸਕਦੇ ਹਾਂ। ਸੋ ਸਭ ਨੂੰ ਅਜੋਕੇ ਸਮੇਂ ਵਿਚ ਆਪਣਾ ਧਰਮ, ਰਾਜ ਅਤੇ ਦੇਸ਼ ਪੱਖੀ ਫਰਜ਼ ਨਿਭਾਉਣੇ ਚਾਹੀਦੇ ਹਨ ਅਤੇ ਸਮਾਜਿਕ ਨਾ-ਬਰਾਬਰੀ, ਰੋਜ਼ਗਾਰ, ਗਰੀਬੀ, ਕਿਰਸਾਨੀ ਨੂੰ ਲਾਹੇਵੰਦ ਅਤੇ ਗਰੀਬਾਂ ਦੀ ਹਾਲਤ ਸੁਧਾਰਨ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਵਿਹਲੇ ਰਹਿ ਰਹੇ ਲੋਕ ਨਸੇੜੀ ਨਾ ਬਣਨ, ਖੇਤੀ ਕਰਨ ਵਾਲੇ ਆਰਥਿਕ ਤੰਗੀ ਕਾਰਨ ਜਹਾਲਤ ਵਿਚੋਂ ਬਾਹਰ ਨਿਕਲਣ ਅਤੇ ਖੁਦਕਸ਼ੀਆਂ ਕਰਨ ਲਈ ਮਜਬੂਰ ਨਾ ਹੋਣ। ਮਜ਼ਦੂਰ ਵਰਗ ਨੂੰ ਵੀ ਕੰਮਾਂ ਤੇ ਲਾ ਕੇ ਦੇਸ਼ ਲਈ ਉਪਯੋਗੀ ਅਤੇ ਆਤਮ ਨਿਰਭਰ ਬਣਾਇਆ ਜਾਵੇ ਤਾਂ ਹੀ ਧਰਤੀ ਸਵਰਗ ਹੋਵੇਗੀ।

ਭਗਵਾਨ ਸਿੰਘ ਲੁਬਾਣਾ

ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963

Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2500 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜ਼ਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 29-07-2026 (ਬੁੱਧਵਾਰ)
ਸੰਗਰਾਂਦ - 16-07-2026 (ਵੀਰਵਾਰ)
ਮੱਸਿਆ - 14-07-2026 (ਮੰਗਲਵਾਰ)

ਤਤਕਰਾ

ਜਿਲਦ ਨੰ. 41 | ਅੰਕ - 157 | ਜੁਲਾਈ - 2026

1.	ਸ੍ਰੀ ਅਕਾਲ ਤਖ਼ਤ ਸਾਹਿਬ ਜੀ	4
2.	ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ	7
3.	ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ	9
4.	ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ	12
5.	ਸਫਲ ਜੀਵਨ ਲਈ ਸਹਿਜ ਮਾਰਗ ਦੀ ਲੋੜ	14
6.	ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥	15
7.	ਪ੍ਰੋ. (ਡਾ.) ਅਜੀਤ ਸਿੰਘ : ਉੱਚ ਸਿੱਖਿਆ ਦੇ ਖੇਤਰ ਵਿੱਚ ਦੂਰਅੰਦੇਸ਼ੀ.....	17
8.	ਅੰਗਦਾਨ ਅਤੇ ਖੇਡਾਂ ਦੇ ਖੇਤਰ ਵਿੱਚ ਲੁਬਾਣਾ ਭਾਈਚਾਰੇ ਦਾ ਮਾਣ ਡਾ. ਜਸਕਰਨ ਸਿੰਘ ਮੁਲਤਾਨੀ ਅਤੇ ਸ੍ਰੀਮਤੀ ਨਿਰਮਲਜੀਤ ਕੌਰ	18
9.	ਹੋਰ ਦੇਸੀ ਮਹੀਨਿਆਂ ਦਾ ਮਹੱਤਵ	20
10.	ਸਚੁ ਸੁਣਾਇਸੀ ਸੱਚ ਕੀ ਬੇਲਾ	24
11.	ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	26
12.	ਗੁਰ ਸਾਗਰ ਦੇ ਸੁੱਚੇ ਮੋਤੀ	29
13.	ਜੀਵਨ ਵਿਕਾਸ – ਇਕ ਸੰਘਰਸ਼	30
14.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	31
15.	ਸਿਹਤ ਸੰਭਾਲ	33
16.	ਕਾਵਿ-ਕਿਆਰੀ	35
17.	The Earth	37
18.	Matrimonial	38

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

ਸ੍ਰੀ ਅਕਾਲ ਤਖ਼ਤ ਸਾਹਿਬ ਜੀ



ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਇਹ ਗੱਲ ਬੜੀ ਪ੍ਰਸਿੱਧ ਹੈ ਕਿ ਉਨ੍ਹਾਂ ਨੇ ਜਹਾਂਗੀਰੀ ਜ਼ੁਲਮ ਨੂੰ ਰੱਬ ਦਾ ਭਾਣਾ ਸਮਝ ਕੇ ਮੰਨ ਲਿਆ। ਆਖਿਆ – ਤੇਰਾ ਭਾਣਾ ਮੀਠਾ ਲਾਗੇ...। ਪਰ ਇਸ ਦੇ ਉਲਟ ਕੁਝ ਇਤਿਹਾਸਕ ਸੰਕੇਤਾਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਗੁਰੂ ਜੀ ਦੇ ਦਿਲ ਦੀਆਂ ਤਹਿਆਂ ਵਿਚੋਂ ਰੋਹ ਅਤੇ ਰੋਸ ਦੀ ਭਾਵਨਾ ਵੀ ਉਤਪੰਨ ਹੋ ਰਹੀ ਸੀ।

ਗੁਰੂ ਜੀ ਨੂੰ ਆਪਣੀ ਸ਼ਹੀਦੀ ਦਾ ਨਿਸ਼ਚਾ ਹੋ ਗਿਆ ਸੀ। ਆਪਣੇ ਸਾਥੀ ਸਿੱਖਾਂ ਨੂੰ ਵਾਪਸ ਅੰਮ੍ਰਿਤਸਰ ਭੇਜਦਿਆਂ ਉਨ੍ਹਾਂ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਨੂੰ ਸੰਦੇਸ਼ ਦਿੱਤਾ, ਹਰਿਗੋਬਿੰਦ ਨੂੰ ਮੇਰੇ ਵੱਲੋਂ ਪੂਰੀ ਤਸੱਲੀ ਦੇਣੀ। ਆਖਣਾ-ਸੋਗ ਨਾ ਮਨਾਵੇ। ਕਾਇਰਾਂ ਵਾਂਗ ਆਹੋ-ਪੁਕਾਰ ਨਾ ਕਰੇ। ਵਾਹਿਗੁਰੂ ਦਾ ਨਾਮ ਜਪੇ... ਅਤੇ ਗੁਰ-ਗੱਦੀ 'ਤੇ ਪੂਰਾ ਸ਼ਸਤਰਬੱਧ ਹੋ ਕੇ ਬੈਠੇ ਤੇ ਜਿੰਨੀ ਫੌਜ ਰੱਖ ਸਕਦਾ ਹੈ, ਰੱਖੇ।

ਭਾਈ ਮਨੀ ਸਿੰਘ ਰਚਿਤ ਸਿੱਖਾਂ ਦੀ ਭਗਤਮਾਲਾ ਵਿਚ ਜ਼ਿਕਰ ਆਉਂਦਾ ਹੈ ਕਿ ਭਾਈ ਸੀਗਾਰੂ ਤੇ ਭਾਈ ਜੈਤਾ ਬੜੇ ਸੂਰਬੀਰ ਸਨ। ਉਹ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਸਾਹਿਬਜ਼ਾਦਾ ਹਰਿਗੋਬਿੰਦ ਜੀ ਕੋਲ ਭੇਜ ਦਿੱਤਾ। ਬਚਨ ਹੋਇਆ– ਅਸਾਂ ਜੋ ਸ਼ਸ਼ਤਰ ਪਕੜਨੇ ਹੈਨਿ, ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰਿ ਕਰ ਪਕੜਨੇ ਹੈਨਿ। ਸਮਾਂ ਕਲਿਜੁਗ ਦਾ ਵਰਤਣਾ ਹੈ। ਸ਼ਸਤਰਾਂ ਦੀ ਵਿਦਿਆ ਕਰ, ਮੀਰ ਦੀ ਮੀਰੀ ਖਿਚ ਲੈਣੀ ਤੇ ਸ਼ਬਦ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ। (ਸਾਖੀ ੯੩)

ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240



ਇੰਜ ਗੁਰੂ ਅਰਜਨ ਦੇਵ ਜੀ ਨੇ ਭਾਣਾ ਮੰਨਣ ਦੇ ਨਾਲ-ਨਾਲ ਆਪਣੇ ਉੱਤਰ ਅਧਿਕਾਰੀ ਦੀ ਭਵਿੱਖ-ਨੀਤੀ ਦੇ ਪੂਰਨੇ ਵੀ ਪਾ ਦਿੱਤੇ : ਜੇ ਮੁਗਲ ਸਰਕਾਰ ਦਾ ਦਿਲ ਸ਼ਹੀਦੀ ਖ਼ੂਨ ਨਾਲ ਵੀ ਨਾ ਪਿਘਲੇ ਤਾਂ ਉਸ ਦੇ ਅੱਤਿਆਚਾਰਾਂ ਦਾ ਮੁਕਾਬਲਾ ਮਰਦਾਂ ਵਾਂਗ ਸ਼ਸਤਰਾਂ ਨਾਲ ਕੀਤਾ ਜਾਵੇ।

ਆਪਣੇ ਗੁਰੂ-ਪਿਤਾ ਦੇ ਆਖਰੀ ਸੰਦੇਸ਼ ਉੱਤੇ ਅਮਲ ਕਰਦਿਆਂ ਗੁਰੂ ਹਰਿਗੋਬਿੰਦ ਜੀ ਨੇ ਗੁਰ-ਗੱਦੀ ਧਾਰਨ ਕਰਨ ਸਮੇਂ ਰਵਾਇਤੀ ਵਸਤਾਂ ਸੇਲੀ ਟੋਪੀ ਆਦਿ ਤੋਸ਼ੇਖਾਨੇ ਵਿਚ ਰੱਖਵਾ ਦਿੱਤੀਆਂ ਤੇ ਆਖਿਆ, "ਹੁਣ ਸਮਾਂ ਬਦਲ ਗਿਆ ਹੈ। ਮੈਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨਾਂਗਾ ਤੇ ਮੰਜੀ ਦੀ ਥਾਂ, ਤਖ਼ਤ 'ਤੇ ਬੈਠਾਂਗਾ।"

‘ਗੁਰ ਬਿਲਾਸ ਪਾਤਸ਼ਾਹੀ ਛੇਵੀਂ’ ਕ੍ਰਿਤ ਕਵਿ ਸੋਹਨ ਅਨੁਸਾਰ ਅਕਾਲ ਤਖ਼ਤ ਦੀ ਰਚਨਾ ਕਰਨ ਦੀ ਪ੍ਰੇਰਨਾ ਆਪ ਅਕਾਲ ਪੁਰਖ ਨੇ ਦਿੱਤੀ :

ਪ੍ਰਿਥਮੈ ਇਹ ਥਾਂ ਤਖ਼ਤ ਸਵਾਰੋ।
ਮੀਰੀ-ਪੀਰੀ ਅਸਿ ਦੋ ਧਾਰੋ ॥ ੩੫੩ ॥
ਤਖ਼ਤ ਅਕਾਲ ਨਾਮ ਤਿੰਹ ਕੀਜੈ।
ਤਾਂਹਿ ਬੈਠ ਪਿਤਾ ਬਦਲਾ ਲੀਜੈ ॥੩੫੬ ॥
ਮੀਰੀ-ਪੀਰੀ ਦੋਊ ਧਾਰੋ।
ਧਰਾ ਭਾਰ ਸਭ ਦੂਰ ਨਿਵਾਰੋ ॥ ੩੫੭ ॥ **(ਅਧਆਇ ਸਤਵਾਂ)**

ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਦੇ ਸਾਹਮਣੇ ਅਕਾਲ ਤਖ਼ਤ ਦੀ ਸਿਰਜਨਾ ਕੀਤੀ। ਇਸ ਦੀ ਨੀਂਹ ਗੁਰੂ ਜੀ ਨੇ ਆਪਣੇ ਹੱਥੀਂ ਰੱਖੀ। ਕੋਈ ਰਾਜ ਮਜ਼ਦੂਰ ਨਹੀਂ ਲਾਇਆ; ਸਿਰਫ ਭਾਈ ਗੁਰਦਾਸ ਤੇ ਬਾਬਾ ਬੁੱਢਾ ਹੀ ਗੁਰੂ ਜੀ ਦੇ ਸਹਾਇਕ ਸਨ :

ਗੁਰਦਾਸ ਬੁੱਢੇ ਕੋ ਲੈ ਨਿਜ ਸਾਥ।
ਤਖ਼ਤ ਅਰੰਭ ਕਰ ਦੀਨਾ ਨਾਥ ॥ ੩੬ ॥...
ਕਰ ਅਰਦਾਸ ਸ੍ਰੀ ਸਤਿਗੁਰੂ ਪੁਨ ਪ੍ਰਸਾਦਿ ਵਰਤਾਇ।
ਪ੍ਰਿਥਮ ਨੀਂਵ ਸ੍ਰੀ ਗੁਰੂ ਰਖੀ ਅਬਚਲ ਤਖ਼ਤ ਸੁਹਾਇ ॥੩੮ ॥
ਕਿਸੀ ਰਾਜ ਨਹਿੰ ਹਾਥ ਲਗਾਯੋ।
ਬੁੱਢੇ ਅੰ ਗੁਰਦਾਸ ਬਨਾਯੋ ॥੩੯ ॥
ਇਹ ਬਿਧ ਤਖ਼ਤ ਬਨਾਇਓ
ਸ੍ਰੀ ਗੁਰੁ ਅਪਨੈ ਹਾਥ।
ਜਨੁ ਜਹਾਜ ਜਗੁ ਤਰਨ ਕੋ
ਰਚਯੋ ਸੁ ਦੀਨਾ ਨਾਥ ॥ ੪੧ ॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਸ੍ਰੀ ਹਰਿਮੰਦਰ ਸਾਹਿਬ ਭਗਤੀ ਦਾ ਅਸਥਾਨ ਹੈ ਪਰ ਅਕਾਲ ਤਖ਼ਤ ਸੰਸਾਰਕ ਤੇ ਰਾਜਸੀ ਸ਼ਕਤੀ ਦਾ ਕੇਂਦਰ ਹੈ। ਗੁਰੂ ਜੀ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਦਸਤਾਰ ’ਤੇ ਸੁੰਦਰ ਕਲਗੀ ਸਜਾ ਕੇ ਇਸ ਤਖ਼ਤ ’ਤੇ ਬਿਰਾਜਮਾਨ ਹੋਏ। ਅਬਦੁੱਲਾ ਨੇ ਨੱਥ ਮੱਲ ਢਾਡੀਆਂ ਨੂੰ ਬੁਲਾ ਲਿਆ। ਉਨ੍ਹਾਂ ਨੇ ਗੁਰੂ-ਘਰ ਦੀ ਮਹਿਮਾ ਦੀਆਂ ਤੇ ਹੋਰ ਬੀਰ-ਰਸ ਦੀਆਂ ਵਾਰਾਂ ਗਾਈਆਂ। ਸੰਗਤਾਂ ਨੂੰ ਹੁਕਮ ਹੋਇਆ ਕਿ ਚੰਗੇ-ਚੰਗੇ ਸ਼ਸਤਰ ਤੇ ਘੋੜੇ ਭੇਟਾ ਦੇ ਤੌਰ ’ਤੇ ਚੜ੍ਹਾਏ ਜਾਣ।

ਸੰਗਤਾਂ ਨੇ ਆਗਿਆ ਦਾ ਪਾਲਨ ਕਰਦੇ ਹੋਏ ਬੇਸ਼ੁਮਾਰ ਧਨ, ਸ਼ਸਤਰ ਅਤੇ ਘੋੜੇ ਗੁਰੂ ਜੀ ਨੂੰ ਅਰਪਨ ਕੀਤੇ। ਇਸੇ ਸਮੇਂ ਗਰੀਬ ਸਿੱਖਾਂ ਦੀ ਇਕ ਵੱਡੀ ਭੀੜ ਉਥੇ ਇਕੱਠੀ ਹੋ ਗਈ। ਗੁਰੂ ਜੀ ਨੇ ਇਕ ਸਿੱਖ ਉਨ੍ਹਾਂ ਵੱਲ ਭੇਜ ਕੇ ਪੁੱਛਿਆ, ਭਾਈ, ਤੁਸੀਂ ਕਿਵੇਂ ਆਏ ਹੋ? ਉਨ੍ਹਾਂ ਬੇਨਤੀ ਕੀਤੀ, ਸਾਡੇ ਕੋਲ ਧਨ, ਸ਼ਸਤਰ ਜਾਂ ਘੋੜੇ ਨਹੀਂ ਹਨ। ਅਸੀਂ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸੀਸ ਭੇਟਾ ਕਰਨ ਆਏ ਹਾਂ।

ਛੀਪੇ ਝੀਵਰ ਔਰ ਤਖਾਨ।
ਨਾਈ ਗ੍ਰਹ ਉਤਰੇ ਸਭ ਆਣ।...
ਸਿਖ ਕੋ ਕਹਾ ਪੂਛ ਇਨ ਜਾਏ।
ਕੌਨ ਦੇਸ਼ ਕਿਹ ਕਾਰਨ ਆਏ ॥੬੩ ॥
ਸਭ ਤਿਹ ਸਿਖ ਕੋ ਐਸ ਅਲਾਵੈਂ।
ਨਹਿੰ ਢਿਗ ਦਰਬ ਜੋ ਪੂਜ ਚੜ੍ਹਾਵੈਂ।
ਹਮ ਅਨਾਥ ਸਿਰ ਭੇਟਾ ਕੀਨੇ।
ਦਯਾ ਸਿੰਧ ਕੌ ਯੌਂ ਕਹਿ ਦੀਨੇ ॥੭੦ ॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਗੁਰੂ ਜੀ ਨੇ ਪਿਆਰ ਨਾਲ ਸਾਰਿਆਂ ਨੂੰ ਆਪਣੇ ਕੋਲ ਬੁਲਾ ਲਿਆ। ਉਨ੍ਹਾਂ ਦੀ ਸੀਸ-ਭੇਟਾ ਪ੍ਰਵਾਨ ਕਰਦਿਆਂ ਆਪਣੀ ਫੌਜ ਵਿਚ ਰੱਖ ਲਿਆ। ਸਭ ਨੂੰ ਸ਼ਸਤਰ ਅਤੇ ਘੋੜੇ ਆਪਣੇ ਕੋਲੋਂ ਦਿੱਤੇ। ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਪਿਰਾਣਾ ਤੇ ਭਾਈ ਜੇਠਾ ਨੂੰ ਸੈਨਾਪਤੀ ਥਾਪ ਕੇ ਸੌ-ਸੌ ਸਿੱਖ ਉਨ੍ਹਾਂ ਨੂੰ ਵੰਡ ਦਿੱਤੇ। ਇੰਜ ਸੂਰਮਿਆਂ ਦੀ ਮੁੱਢਲੀ ਫੌਜ ਤਿਆਰ ਹੋ ਗਈ:

ਬਿਧੀਆ ਪੈੜਾ ਔਰ ਪਿਰਾਣਾ।
ਚੌਥਾ ਜੇਠਾ ਕਹੋ ਬਖਾਣਾ।
ਸਹਸ-ਸਹਸ ਤਾਬਿਆ ਇਨ ਦੀਏ।
ਚਾਰੋਂ ਸਿੱਖ ਸੈਨਾਪਤਿ ਕੀਏ ॥੭੬ ॥

(ਗੁਰੂ ਬਿਲਾਸ ਪਾਤਸ਼ਾਹੀ ਛੇਵੀਂ)

ਇੰਜ ਪੂਰੇ ਲਾਉ-ਲਸ਼ਕਰ ਨਾਲ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਨੂੰ ਸੁਸ਼ੋਭਿਤ ਕੀਤਾ। ਅਕਾਲ ਤਖ਼ਤ ਧਾਰਮਿਕ, ਸਮਾਜਿਕ, ਜਥੇਬੰਦਕ ਤੇ ਰਾਜਸੀ ਸੋਚ-ਵਿਚਾਰ ਦਾ ਕੇਂਦਰ ਬਣਿਆ। ਇਸ ਦਾ ਉਦੇਸ਼ ਔਂਤਿਆਚਾਰੀਆਂ ਤੇ ਅਨਿਆਂਕਾਰੀਆਂ ਨੂੰ ਸਿੱਧੇ ਰਾਹ ਪਾਉਣਾ ਸੀ। ਗੁਰੂ ਜੀ ਜਦੋਂ ਆਪਣੇ ਸ਼ਹੀਦ ਪਿਤਾ ਦੇ ਅੰਤਿਮ ਸੰਦੇਸ਼ ਵਿਚ ਢਲ ਕੇ ਅਕਾਲ ਤਖ਼ਤ ’ਤੇ ਬਿਰਾਜਮਾਨ ਹੋਏ ਤਾਂ ਭਾਈ ਗੁਰਦਾਸ ਦੀ ਕਲਮ ਬੋਲ ਉੱਠੀ :

ਪੰਜਿ ਪਿਆਲੇ ਪੰਜਿ ਪੀਰ
ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ
ਮੂਰਤਿ ਹਰਿਗੋਬਿੰਦ ਸਵਾਰੀ।...
ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

(ਵਾਰ ਪਹਿਲੀ)

ਸਵੇਰੇ ਸ਼ਾਮ ਅਕਾਲ ਤਖ਼ਤ ’ਤੇ ਦੀਵਾਨ ਸੱਜਣ ਲੱਗੇ। ਸੂਰਮਿਆਂ ਦੀਆਂ ਵਾਰਾਂ ਸੁਣ ਕੇ ਸਿੱਖਾਂ ਦਾ ਮਨੋ-ਬਲ ਉੱਚਾ ਹੋਣ ਲੱਗਾ। ਕੁਸ਼ਤੀਆਂ ਤੇ ਹਥਿਆਰਾਂ ਦੀ ਸਿਖਲਾਈ ਸ਼ੁਰੂ ਹੋ ਗਈ। ਗੁਰੂ ਜੀ ਤਖ਼ਤ ਉੱਤੇ ਪਾਤਸ਼ਾਹਾਂ ਵਾਂਗ ਬੈਠਦੇ ਤੇ ਸਿੱਖਾਂ ਦੀ ਅਗਵਾਈ ਕਰਦੇ। ਚਾਰ ਵਾਰ ਸ਼ਾਹ ਜਹਾਨ ਦੀ ਫੌਜ ਨਾਲ ਟੱਕਰ ਹੋਈ ਪਰ ਮੁਗਲ ਫੌਜ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਗੁਰੂ ਹਰਿਗੋਬਿੰਦ ਜੀ ਤੋ ਬਾਅਦ, ਅੱਜ ਤੱਕ ਅਨੇਕਾਂ ਵਾਰ ਖਾਲਸਾ ਪੰਥ ਨੇ ਅਕਾਲ ਤਖ਼ਤ ’ਤੇ ਇਕੱਠੇ ਹੋ ਕੇ ਇਤਿਹਾਸਕ ਗੁਰਮਤੇ ਪਾਸ ਕੀਤੇ। ਫਲਸਰੂਪ ਹਿੰਦੂ ਧਰਮ ਦਾ ਮੁਗ਼ਲ ਔਂਤਿਆਚਾਰਾਂ ਤੋਂ ਬਚਾਅ ਹੋਇਆ ਤੇ ਸਿੱਖ ਪੰਥ ਨੂੰ ਦਿਨ-ਪ੍ਰਤੀ-ਦਿਨ ਚੜ੍ਹਦੀ ਕਲਾ ਪ੍ਰਾਪਤ ਹੋਈ। ਕੁਝ ਚੋਣਵੇਂ ਗੁਰਮਤਿਆਂ ਤੇ ਹੁਕਮਨਾਮਿਆਂ ਦਾ ਹੇਠਾਂ ਜ਼ਿਕਰ ਕੀਤਾ ਜਾਂਦਾ ਹੈ।

ਸੰਨ ੧੭੩੩ ਵਿੱਚ ਸੂਬੇਦਾਰ ਲਾਹੌਰ ਨੇ ਸਿੱਖਾਂ ਨਾਲ ਚੰਗੇ ਸਬੰਧ ਕਾਇਮ ਕਰਨ ਲਈ ਇਕ ਲੱਖ ਦੀ ਜਗੀਰ ਤੇ ਕੀਮਤੀ ਖਿਲਿਅਤ ਅੰਮ੍ਰਿਤਸਰ ਭੇਜੀ। ਇਹ ਪੇਸ਼ਕਸ਼ ਅਕਾਲ ਤਖ਼ਤ ਵਿਖੇ ਸਜੇ ਦੀਵਾਨ ਵਿਚ ਪ੍ਰਵਾਨ ਕੀਤੀ ਗਈ। ੧੭੩੪ ਈ: ਵਿਚ ਪੰਥ ਨੂੰ ਬੁੱਢਾ ਦਲ ਤੇ ਤਰਨਾ ਦਲ ਵਿਚ ਵੰਡਣ ਦਾ ਫੈਸਲਾ ਅਕਾਲ ਤਖ਼ਤ ਤੇ ਹੀ ਕੀਤਾ ਗਿਆ। ਸੰਨ ੧੭੪੮

ਵਿਚ ਅਕਾਲ ਤਖ਼ਤ 'ਤੇ ਸਜੇ ਵੈਸਾਖੀ ਦੇ ਦੀਵਾਨ ਵਿਚ ਖਾਲਸਾ ਦਲ ਨੂੰ ੧੨ ਮਿਸਲਾਂ ਵਿਚ ਵੰਡਿਆ ਗਿਆ। ਕਸੂਰ ਦੇ ਨਵਾਬ ਉਸਮਾਨ ਖਾਨ ਨੇ ਇਕ ਬ੍ਰਾਹਮਣ ਦੀ ਪਤਨੀ ਨੂੰ ਜ਼ਬਰਦਸਤੀ ਆਪਣੇ ਹਰਮ ਵਿਚ ਪਾ ਲਿਆ। ਅਪ੍ਰੈਲ ੧੭੬੩ ਵਿਚ ਅਕਾਲ ਤਖ਼ਤ 'ਤੇ ਇਕੱਤਰ ਹੋਏ ਖਾਲਸਾ ਦਲ ਨੇ ਕਸੂਰ ਉੱਤੇ ਚੜ੍ਹਾਈ ਕਰਨ ਦਾ ਗੁਰਮਤਾ ਸੋਧਿਆ। ਇਸੇ ਸਾਲ ਨਵੰਬਰ ਵਿਚ ਮਲੇਰਕੋਟਲੇ ਉੱਤੇ ਧਾਵਾ ਬੋਲਣ ਦਾ ਗੁਰਮਤਾ ਪਾਸ ਹੋਇਆ ਤੇ ਨਾਲ ਹੀ ਜਨਵਰੀ ੧੭੬੪ ਵਿਚ ਸਰਹਿੰਦ ਨੂੰ ਦੂਜੀ ਵਾਰ ਜਿੱਤਿਆ ਗਿਆ। ੧੭੬੨ ਈ: ਵਿਚ ਅਬਦਾਲੀ ਨੇ ਦਰਬਾਰ ਸਾਹਿਬ ਨੂੰ ਢਾਹ-ਢੇਰੀ ਕਰਕੇ ਸਰੋਵਰ ਨੂੰ ਪੂਰ ਦਿੱਤਾ ਸੀ। ੧੭੬੫ ਦੀ ਵੈਸਾਖੀ ਦੇ ਦੀਵਾਨ ਵਿਚ ਹਰਿਮੰਦਰ ਤੇ ਅਕਾਲ ਤਖ਼ਤ ਦੀ ਮੁੜ-ਉਸਾਰੀ ਦਾ ਫੈਸਲਾ ਕੀਤਾ ਗਿਆ। ਪੰਥ ਦੇ ਐਸੇ ਫੈਸਲਿਆਂ ਬਾਰੇ 'ਪੰਥ-ਪ੍ਰਕਾਸ਼' ਵਿਚ ਰਤਨ ਸਿੰਘ ਭੰਗੂ ਨੇ ਲਿਖਿਆ ਹੈ:

ਅਕਾਲ ਬੁੰਗੇ ਚੜ੍ਹ ਤਖਤੈ ਬਹਿ ਹੈਂ।
ਲਾਇ ਦੀਵਾਨ ਗੁਰਮਤੇ ਮਤੈ ਹੈਂ।

ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਅਕਾਲੀ ਮੋਰਚਿਆਂ ਲਈ ਸ਼ਹੀਦੀ ਜਥੇ ਅਕਾਲ ਤਖ਼ਤ ਤੋਂ ਹੀ ਤੋਰੇ ਜਾਂਦੇ ਸਨ।

ਮਹੱਤਵਪੂਰਨ ਰਾਜਸੀ ਗੁਰਮਤਿਆਂ ਦੇ ਇਲਾਵਾ, ਸਿੱਖੀ ਚਲਨ ਦੀ ਉਲੰਘਣਾ ਕਰਨ ਵਾਲੇ ਛੋਟੇ-ਵੱਡੇ ਵਿਅਕਤੀਆਂ ਨੂੰ ਅਕਾਲ ਤਖ਼ਤ ਤੋਂ ਦੰਡ ਦੇਣ ਦੀ ਪ੍ਰਥਾ ਵੀ ਪ੍ਰਚਲਿਤ ਹੈ। ਸਿੱਖ ਰਾਜ ਸਮੇਂ, ਲਗਭਗ ੧੮੨੦ ਈ: ਵਿਚ ਇਸੇ ਅਸਥਾਨ 'ਤੇ ਭਰੇ ਦਰਬਾਰ ਵਿਚ ਅਕਾਲੀ ਫੂਲਾ ਸਿੰਘ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਅਵੱਗਿਆ ਕਾਰਨ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਗਈ, ਜੋ ਮਹਾਰਾਜੇ ਨੇ ਨਿਮਰਤਾ ਸਹਿਤ ਪ੍ਰਵਾਨ ਕਰ ਲਈ।

ਸੰਨ ੧੯੨੮ ਵਿਚ ਸਿੰਘ ਸਭਾ ਲਹਿਰ ਨੂੰ ਕਾਮਯਾਬ ਬਣਾਉਣ ਲਈ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਹੋਇਆ। 1936 ਵਿਚ ਸਿੱਖ ਪੰਥ ਵਿਚ ਜਾਤ-ਪਾਤ ਵਿਰੁੱਧ, ਸੰਨ 1961 ਵਿਚ ਅਕਾਲ ਤਖ਼ਤ ਵੱਲੋਂ ਪੰਥ ਦੇ ਮੁੱਖ ਲੀਡਰਾਂ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਤੇ ਅਕਾਲੀ ਦਲ ਦੇ ਅੱਠ ਹੋਰ ਮੈਂਬਰਾਂ ਨੂੰ, ਪੰਜਾਬੀ ਸੂਬੇ ਦੀ ਪ੍ਰਾਪਤੀ ਬਾਰੇ, ਆਪਣਾ ਪ੍ਰਣ ਤੋੜਨ ਕਾਰਨ 'ਤਨਖਾਹੀਏ' ਕਰਾਰ ਦਿੱਤਾ ਗਿਆ।

ਇਨ੍ਹਾਂ ਲੀਡਰਾਂ ਨੇ ਬੜੇ ਸਤਿਕਾਰ ਤੇ ਨਿਰਮਾਣਤਾ ਨਾਲ ਆਪਣੀ-ਆਪਣੀ ਸਜ਼ਾ ਭੁਗਤੀ।

੧੯੭੮ ਵਿਚ ਨਿਰੰਕਾਰੀਆਂ ਵਿਰੁੱਧ ਹੁਕਮਨਾਮੇ ਜਾਰੀ ਕੀਤੇ ਗਏ। ਗੁਰੂ ਨਾਨਕ-ਨਾਮ-ਲੇਵਾ ਹਰ ਸਿੱਖ ਅਕਾਲ ਤਖ਼ਤ ਦੇ ਹੁਕਮਨਾਮਿਆਂ ਨੂੰ ਸਿਰ ਮੱਥੇ 'ਤੇ ਮੰਨਦਾ ਹੈ।

੧੯੨੦ ਈ: ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਅਕਾਲ ਤਖ਼ਤ ਤੋਂ ਹੀ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਇਸੇ ਸਾਲ ਇਸੇ ਅਸਥਾਨ 'ਤੇ ਰੱਖੀ ਗਈ। ਨਵੇਂ ਪੰਥਕ ਪ੍ਰਬੰਧ ਅਧੀਨ ਅਕਾਲ ਤਖ਼ਤ ਦੇ ਪਹਿਲੇ ਜਥੇਦਾਰ ਭਾਈ ਤੇਜਾ ਸਿੰਘ ਭੁੱਚਰ ਬਣੇ। ਉਨ੍ਹਾਂ ਤੋਂ ਬਾਅਦ ਸਮੇਂ-ਸਮੇਂ ਭਾ: ਬਿਸ਼ਨ ਸਿੰਘ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਗਿ: ਕਰਤਾਰ ਸਿੰਘ, ਗਿ: ਗੁਰਮੁਖ ਸਿੰਘ ਮੁਸਾਫਰ, ਬਾਬਾ ਵਿਸਾਖਾ ਸਿੰਘ ਦਦੇਹਰ, ਜਥੇਦਾਰ ਮੋਹਨ ਸਿੰਘ ਨਾਗੋਕੇ, ਗਿ: ਪ੍ਰਤਾਪ ਸਿੰਘ, ਜਥੇਦਾਰ ਅੱਛਰ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਸਾਧੂ ਸਿੰਘ ਭੌਰਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਅਕਾਲ ਤਖ਼ਤ ਦੇ ਜਥੇਦਾਰ ਹੋਣ ਦਾ ਮਾਣ ਪ੍ਰਾਪਤ ਹੋਇਆ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਰ ਬੁੱਧਵਾਰ ਤੇ ਐਤਵਾਰ ਨੂੰ ਅੰਮ੍ਰਿਤ-ਸੰਚਾਰ ਹੁੰਦਾ ਹੈ ਤੇ ਅੰਮ੍ਰਿਤ-ਅਭਿਲਾਖੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਗੁਰੂ-ਪਰਿਵਾਰ ਦੇ ਮੈਂਬਰ ਬਣਦੇ ਹਨ। ਸ੍ਰੀ ਅਕਾਲ ਤਖ਼ਤ 'ਤੇ ਗੁਰੂ ਸਾਹਿਬਾਨ ਤੇ ਹੋਰ ਸਿੱਖ ਸੂਰਬੀਰਾਂ ਦੇ ਸ਼ਸਤਰ ਸਸ਼ੋਭਤ ਹਨ। ਪਹਿਲਾਂ ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਜੀ ਆਪ ਬੈਠਿਆ ਕਰਦੇ ਸਨ।

ਸੰਨ ੧੯੪੮ ਵਿਚ ਦੇਸ਼ ਅਜੇ ਨਵਾਂ-ਨਵਾਂ ਆਜ਼ਾਦ ਹੋਇਆ ਸੀ। ਆਜ਼ਾਦੀ ਦੀ ਖੁਸ਼ੀ ਵਿਚ, ਸਿੱਖ ਪੰਥ ਦੇ ਉੱਜਲ ਭਵਿੱਖ ਨੂੰ ਮੁੱਖ ਰੱਖ ਕੇ ਦੀਵਾਲੀ ਦੇ ਅਵਸਰ 'ਤੇ ਜਥੇਦਾਰ ਅਕਾਲ ਤਖ਼ਤ ਵੱਲੋਂ ਹੇਠ ਲਿਖਿਆ ਹੁਕਮਨਾਮਾ ਜਾਰੀ ਹੋਇਆ :

ਅੰਮ੍ਰਿਤਸਰ ਦੀਪਮਾਲਾ ਦੇ ਵਾਰਸ਼ਿਕ ਇਕੱਠ ਉੱਤੇ ਦੂਰ ਨੇੜੇ ਤੋਂ ਆਈਆਂ ਸਿੱਖ ਸੰਗਤਾਂ ਦੀ ਸੇਵਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੰਦੇਸ਼ :

"ਸਾਡਾ ਭਾਰਤ ਬਦੇਸ਼ੀ ਗੁਲਾਮੀ ਤੋਂ ਆਜ਼ਾਦ ਹੋ ਚੁੱਕਾ ਹੈ ਆਜ਼ਾਦੀ ਦੀ ਭੇਟਾ ਸਿੱਖ ਸੰਗਤਾਂ ਨੇ ਬਹੁਤ ਦਿੱਤੀ ਹੈ। ਆਜ਼ਾਦ ਭਾਰਤ ਵਿਚ ਅਸਾਂ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣਾ ਹੈ ਅਤੇ ਦੇਸ਼ ਨੂੰ ਤਰੱਕੀ ਦੇ ਸਿਖਰ 'ਤੇ ਪਹੁੰਚਾਣਾ ਹੈ।"

(ਗੁਰਦੁਆਰਾ ਗਜ਼ਟ, ਨਵੰਬਰ ੧੯੪੮, ਪੰ: ੬੦)


ਕਿੰਨੀ ਸੁੰਦਰ ਤੇ ਸੁਹਿਰਦ ਭਾਵਨਾ ਨਾਲ ਭਰਪੂਰ ਹੈ ਇਹ ਸੰਦੇਸ਼! ਪਰ ਆਜ਼ਾਦ ਭਾਰਤ ਵਿਚ ੫-੬ ਜੂਨ, ੧੯੮੪ ਨੂੰ ਸ੍ਰੀ ਅਕਾਲ ਤਖ਼ਤ ਨਾਲ ਜੋ ਭਾਣਾ ਵਰਤਿਆ ਹੈ, ਸ਼ਾਮ ਦੇ ਲੰਮੇ ਪਰਛਾਵੇਂ ਵਾਂਗ, ਭਾਰਤ ਅਤੇ ਪੰਜਾਬ ਉੱਤੇ ਉਸ ਦਾ ਅਸਰ, ਚਿਰਕਾਲ ਤੱਕ ਪੈਂਦਾ ਰਹੇਗਾ।

● ● ●

ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੋਈਏ !

ਸ਼ਹੀਦੀ ਦਿਹਾੜੇ 16 ਜੁਲਾਈ 'ਤੇ ਵਿਸ਼ੇਸ਼

ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ



ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ ਸ਼ਹੀਦ ਅਰਬੀ ਦਾ ਸ਼ਬਦ ਹੈ ਅਤੇ ਕੁਰਾਨ ਅਨੁਸਾਰ ਇਸ ਦੀ ਵਰਤੋਂ ਗਵਾਹ ਜਾਂ ਸਾਕਸ਼ੀ ਦੇ ਅਰਥਾਂ ਵਿਚ ਹੋਈ ਹੈ। ਪਰ ਬਾਅਦ ਵਿਚ ਇਸ ਦੀ ਵਰਤੋਂ ਕੁਰਬਾਨੀ ਜਾਂ ਬਲੀਦਾਨ ਵਜੋਂ ਹੋਣ ਲੱਗੀ। ਸਰੀਰ ਦੀ ਪ੍ਰਵਾਹ ਨਾ ਕੀਤਿਆਂ ਧਰਮ ਦੀ ਰੱਖਿਆ, ਜ਼ਾਲਮ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨਾ ਅਤੇ ਸ਼ਹਾਦਤ ਦੇਣੀ ਸ਼ਹੀਦਾਂ ਦੇ ਹੌਂਸਲੇ ਤੇ ਸੂਰਬੀਰਤਾ ਦੀ ਨਿਸ਼ਾਨੀ ਹੈ। ਸ਼ਹੀਦੀ ਇਕ ਅਜਿਹਾ ਸਿਧਾਂਤ ਹੈ ਜਿਸਨੂੰ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਇਕ ਪਰੰਪਰਾ ਵਾਂਗ ਗੁਰੂ ਚਰਨਾਂ ਵਿਚ ਅਰਪਣ ਕੀਤਾ ਹੈ। ਸ਼ਹੀਦ ਆਤਮ-ਵਿਸ਼ਵਾਸੀ ਹੁੰਦਾ ਹੈ। ਉਹ ਇੱਛਾ ਮੁਕਤ ਅਤੇ ਗੁਰੂ ਦੀ ਰਜ਼ਾ ਵਿਚ ਲੀਨ, ਸ਼ਾਂਤ ਤੇ ਅਡੋਲ ਰਹਿੰਦਾ ਹੈ। ਪੰਜਾਬ ਵਿਚ ਉਤਪੰਨ ਹੋਇਆ ਸ਼ਹੀਦੀ ਸਿਧਾਂਤ ਗੁਰ-ਮਰਿਆਦਾ ਅਨੁਸਾਰ ਇਤਿਹਾਸਕ ਬਿਰਤਾਂਤ ਦਾ ਸਰੂਪ ਧਾਰਨ ਕਰਦਾ ਰਿਹਾ। ਇਸ ਦੀ ਨੀਂਹ ਗੁਰੂ ਨਾਨਕ ਨੇ ਰੱਖੀ ਸੀ। ਇਸ ਦੀ ਸ਼ੁਰੂਆਤ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀ ਲਾਹੌਰ ਵਿਖੇ ਸ਼ਹਾਦਤ ਨਾਲ ਹੋਈ। ਸ਼ਹੀਦਾਂ ਦਾ ਸਿਰਤਾਜ ਤਪਦੀ ਲੋਹ ਉੱਤੇ ਬੈਠਾ, ਉਬਲਦੀ ਦੇਗ ਵਿਚ ਉਬਾਲੇ ਖਾਧੇ, ਗਰਮ ਰੇਤਾ ਸੀਸ ਉੱਤੇ ਪਵਾਈ, ਪਰ ਮੂੰਹੋਂ ਅਕਾਲ ਪੁਰਖ ਦਾ ਨਾਮ ਜਪਦੇ ਰਹੇ। ਫਿਰ 1675 ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦਾ ਧਰਮ ਦੀ ਰੱਖਿਆ ਲਈ ਸੀਸ ਗਿਆ ਪਰ ਸਿਰੜ ਕਾਇਮ ਰਿਹਾ। ਇਸ ਤੋਂ ਬਾਅਦ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਹੀ ਧਰਮ ਦੀ ਰੱਖਿਆ ਲਈ ਕੁਰਬਾਨ ਕਰ ਦਿੱਤਾ ਜਿਸ ਦੀ ਕਿਤੇ ਕੋਈ ਮਿਸਾਲ ਨਹੀਂ। ਲਾਹੌਰ ਵਿਖੇ ਰਾਵੀ ਦੇ ਕੰਢੇ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀਆਂ ਪਾਵਨ ਖ਼ੂਨ ਦੀਆਂ ਬੂੰਦਾਂ ਡਿੱਗੀਆਂ ਸਨ, ਸਿੱਖੀ ਦਾ ਬੂਟਾ ਉਨ੍ਹਾਂ ਬੂੰਦਾਂ ਦੀ ਉਪਜ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਅਨੇਕਾਂ ਸੂਰਮੇ ਇਸ ਸ਼ਹੀਦੀ ਗਾਥਾ ਦਾ ਸ਼ਿੰਗਾਰ ਬਣੇ।

ਇਤਿਹਾਸ ਗਵਾਹ ਹੈ ਕਿ ਨਗਾਰੇ ਦੀ ਚੋਟ ਨਾਲ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਤਦ ਵੀ ਸਿੰਘ ਜੰਗਲਾਂ ਵਿਚ ਗਾਉਂਦੇ ਫਿਰਦੇ ਸਨ ਕਿ 'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ'। ਸਿੱਖੀ ਸਰੂਪ ਵਿਚ ਕੇਸਾਂ ਦੀ ਬੜੀ ਮਹੱਤਤਾ ਤੇ ਮਹਾਨਤਾ ਬਣ ਗਈ। ਇਹੋ ਕਾਰਨ ਸੀ ਕਿ ਸਿੱਖ ਕੇਸਾਂ ਦੀ ਬੇਅਦਬੀ ਕਰਨ ਨਾਲੋਂ ਆਪਣੀ ਸ਼ਹਾਦਤ ਦੇਣਾ ਜ਼ਿਆਦਾ ਪਸੰਦ ਕਰਦੇ ਸਨ। ਆਪਣੇ ਕੇਸਾਂ ਨੂੰ ਉਹ ਪ੍ਰਾਣਾਂ ਤੋਂ ਵੱਧ ਪਿਆਰ ਕਰਦੇ ਸਨ।

18ਵੀਂ ਸਦੀ ਦੇ ਸ਼ਹੀਦਾਂ ਵਿਚੋਂ ਇਕ ਮਹਾਨ ਸਿੱਖ ਸ਼ਹੀਦ ਸਨ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੇ ਖੋਪਰੀ ਉਤਰਵਾ ਲਈ ਪਰ ਨਾ ਧਰਮ ਬਦਲਿਆ ਅਤੇ ਨਾ ਹੀ ਕੇਸ ਕਤਲ ਕਰਵਾਏ। ਜਦੋਂ ਮੁਗਲ ਹਕੂਮਤ ਭਾਰਤ ਆਈ ਤਾਂ ਉਸ ਨੇ ਦੂਜੇ ਧਰਮਾਂ ਵਾਲਿਆਂ 'ਤੇ ਬਹੁਤ ਜ਼ੁਲਮ ਢਾਹੇ ਅਤੇ ਇਥੋਂ ਦੇ ਲੋਕਾਂ ਨੂੰ ਜ਼ਬਰੀ ਧਰਮ ਪਰਿਵਰਤਨ ਕਰਾ ਕੇ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀਆਂ ਨੀਤੀਆਂ ਵਰਤੀਆਂ ਜਿਸ ਦੇ ਸ਼ਿਕਾਰ ਭਾਈ ਤਾਰੂ ਸਿੰਘ ਜੀ ਵੀ ਹੋਏ।

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਭਾਈ ਤਾਰੂ ਸਿੰਘ ਜੀ ਦਾ ਜਨਮ 1720 ਈ. ਨੂੰ ਪਿਤਾ ਭਾਈ ਜੋਧ

ਸਿੰਘ ਜੀ ਦੇ ਗ੍ਰਿਹ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਭਾਈ ਜੋਧ ਸਿੰਘ ਜੀ ਵੀ ਮੁਗਲਾਂ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਆਪਣੀ ਮਾਤਾ ਜੀ ਅਤੇ ਭੈਣ ਬੀਬੀ ਤਾਰੋ ਜੀ ਨਾਲ ਪਿੰਡ ਵਿਚ ਰਹਿੰਦੇ ਸੀ। ਭਾਈ ਤਾਰੂ ਸਿੰਘ ਜੀ ਦੀ ਮਾਤਾ ਜੀ ਦਾ ਗੁਰੂ ਸਾਹਿਬ 'ਤੇ ਬਹੁਤ ਵਿਸ਼ਵਾਸ਼ ਸੀ। ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਲੋਰੀ ਵੀ ਗੁਰੂ ਸਾਹਿਬ ਜੀ ਦੀ ਬਾਣੀ ਦੀ ਹੀ ਦਿੱਤੀ। ਉਹ ਰੋਜ਼ ਗੁਰਬਾਣੀ ਦਾ ਪਾਠ ਕਰਦੇ ਅਤੇ ਲੋੜਵੰਦਾਂ ਦੀ ਮੱਦਦ ਕਰਦੇ।

1726 ਈ. ਵਿਚ ਜਦੋਂ ਜ਼ਕਰੀਆ ਖਾਨ ਪੰਜਾਬ ਦਾ ਸੂਬੇਦਾਰ ਨਿਯੁਕਤ ਹੋਇਆ ਤਾਂ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਠਾਣ ਲਈ। ਉਹ ਸਿੱਖਾਂ ਦਾ ਕੱਟੜ ਵਿਰੋਧੀ ਸੀ। ਉਸ ਨੇ ਸਿੱਖਾਂ 'ਤੇ ਜ਼ੁਲਮ ਢਾਹੁਣ, ਜਿਊਂਦਾ ਜਾਂ ਮੁਰਦਾ ਫੜ ਕੇ ਲਿਆਉਣ ਲਈ ਕਈ ਤਰ੍ਹਾਂ ਦੇ ਇਨਾਮਾਂ ਦਾ ਐਲਾਨ ਕਰ ਦਿੱਤਾ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਸੀ। ਸਿੱਖਾਂ ਦੇ ਘਰਾਂ ਨੂੰ ਲੁੱਟਣਾ, ਬਰਬਾਦ ਕਰਨਾ ਅਤੇ ਬਾਅਦ ਵਿਚ ਅੱਗ ਲਗਾ ਦੇਣ ਵਾਲੇ ਨੂੰ ਕੋਈ ਸਜ਼ਾ ਨਹੀਂ ਹੁੰਦੀ ਸੀ ਸਗੋਂ ਇਸ ਦੀ ਪੂਰੀ ਖੁਲ੍ਹ ਸੀ। ਜ਼ਕਰੀਆਂ ਖਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕਈ ਮੁਖਬਰਾਂ ਦਾ ਜਾਲ ਵਿਛਾ ਦਿੱਤਾ। ਉਸ ਦੇ ਭਰੋਸੇਯੋਗ ਮੁਖਬਰਾਂ ਵਿਚੋਂ ਇਕ ਹਰਭਗਤ ਨਿਰੰਜਨੀਆ ਸੀ ਜਿਨ੍ਹਾਂ ਦੇ ਵਡੇਰਿਆਂ ਦੀ ਰੱਖਿਆ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀਤੀ ਸੀ।






ਭਾਈ ਤਾਰੂ ਸਿੰਘ ਜੀ ਖੇਤੀਬਾੜੀ ਕਰਕੇ ਪਰਿਵਾਰ ਦਾ ਨਿਰਬਾਹ ਕਰਦੇ ਅਤੇ ਲੋੜ ਅਨੁਸਾਰ ਕੱਪੜੇ ਅਤੇ ਲੰਗਰ ਤਿਆਰ ਕਰਕੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਨੂੰ ਭਿਜਵਾਉਂਦੇ। ਸਿੱਖ ਉਸ ਸਮੇਂ ਜੰਗਲਾਂ ਵਿਚ ਰਹਿੰਦੇ ਸਨ ਅਤੇ ਉਥੇ ਹੀ ਜਥੇਬੰਦ ਹੋ ਕੇ ਮੌਕੇ ਅਨੁਸਾਰ ਹਕੂਮਤ ਨਾਲ ਟੱਕਰ ਲੈਂਦੇ ਸਨ। ਲੋਕ ਭਾਈ ਤਾਰੂ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਹਰਭਗਤ ਨਿਰੰਜਨੀਏ ਨੂੰ ਪਤਾ ਲੱਗਾ ਕਿ ਭਾਈ ਤਾਰੂ ਸਿੰਘ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਮਿੱਤਰ ਹੈ ਅਤੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਦੀ ਮੱਦਦ ਕਰਦਾ ਹੈ ਤਾਂ ਉਸ ਨੇ ਜ਼ਕਰੀਆ ਖਾਨ ਪਾਸ ਮੁਖਬਰੀ ਕੀਤੀ ਅਤੇ ਹੋਰ ਕਈ ਝੂਠ-ਸੱਚ ਗੱਲਾਂ ਦੱਸੀਆਂ। ਜ਼ਕਰੀਆ ਖਾਨ ਨੇ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਇਆ ਜਾਵੇ। ਸਿਪਾਹੀਆਂ ਨੇ ਪਿੰਡ ਪੂਹਲੇ ਆ ਕੇ ਭਾਈ ਤਾਰੂ ਸਿੰਘ ਅਤੇ ਇਨ੍ਹਾਂ ਦੀ ਭੈਣ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਪਿੰਡ ਵਾਲਿਆਂ ਨੇ ਸਿਪਾਹੀਆਂ ਨੂੰ ਬਹੁਤ ਸਾਰੇ ਪੈਸੇ ਦੇ ਕੇ ਭਾਈ ਸਾਹਿਬ ਦੀ ਭੈਣ ਨੂੰ ਛੁਡਵਾ ਲਿਆ। ਭਾਈ ਸਾਹਿਬ ਨੂੰ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

ਜਦੋਂ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਕੋਲ ਪੇਸ਼ ਕੀਤਾ ਗਿਆ ਤਾਂ ਜ਼ਕਰੀਆ ਖਾਨ ਨੇ ਭਾਈ ਸਾਹਿਬ 'ਤੇ ਬਾਗੀਆਂ ਨੂੰ ਸ਼ਰਨ ਦੇਣ, ਜ਼ਰੂਰੀ ਚੀਜ਼ਾਂ ਦਾ ਪਹੁੰਚਾਉਣ ਆਦਿ ਦੇ ਦੋਸ਼ ਲਗਾਏ। ਭਾਈ ਸਾਹਿਬ ਨੇ ਨਿਧੜਕ ਹੋ ਕੇ ਨਵਾਬ ਨੂੰ ਕਿਹਾ ਕਿ ਅਸੀਂ ਜ਼ਮੀਨ ਦਾ ਮਾਲੀਆ ਤੇ ਵਪਾਰ ਦਾ ਟੈਕਸ ਦਿੰਦੇ ਹਾਂ। ਉਸ ਤੋਂ ਇਲਾਵਾ ਜੋ ਨਫ਼ਾ ਸਾਨੂੰ ਹੁੰਦਾ ਹੈ ਜਾਂ ਜੋ ਦਾਣਾ ਬਚਦਾ ਹੈ, ਅਸੀਂ ਆਪਣੇ ਤਨ ਨੂੰ ਭੁੱਖਾ ਰੱਖ ਕੇ ਲੋੜਵੰਦਾਂ ਦੀ ਭੁੱਖ ਦੂਰ ਕਰਦੇ ਹਾਂ। ਇਹ ਸੁਣ ਕੇ ਜ਼ਕਰੀਆ ਖਾਨ ਗੁੱਸੇ ਵਿਚ ਅੱਗ ਭਬੂਲਾ ਹੋ ਗਿਆ। ਹਾਕਮ ਭਾਈ ਸਾਹਿਬ ਨੂੰ ਹਰ ਹੀਲੇ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੁੰਦਾ ਸੀ ਤਾਂ ਕਿ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਕਮਜ਼ੋਰ ਕਰਕੇ ਅਤੇ ਇਸ ਦਾ ਪ੍ਰਚਾਰ ਕਰਕੇ ਹੋਰ ਸਿੱਖਾਂ ਨੂੰ ਧਰਮ ਤਬਦੀਲ ਕਰਨ ਲਈ ਜ਼ੋਰ ਪਾਇਆ ਜਾ ਸਕੇ। ਉਸ ਨੇ ਭਾਈ ਸਾਹਿਬ ਨੂੰ ਸਿੱਖਾਂ ਦੀ ਮੱਦਦ ਨਾ ਕਰਨ ਲਈ ਜ਼ੋਰ ਪਾਇਆ ਅਤੇ ਇਹ ਵੀ ਲਾਲਚ ਦਿੱਤਾ ਕਿ ਜੇ ਉਹ ਮੁਸਲਮਾਨ ਬਣ ਜਾਵੇ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਜਾਗੀਰਾ ਦਿੱਤੀਆਂ ਜਾਣਗੀਆਂ। ਭਾਈ ਤਾਰੂ ਸਿੰਘ ਜੀ ਨੂੰ ਸਿੱਖੀ ਵਿਚ ਅਟੱਲ ਵਿਸ਼ਵਾਸ ਸੀ ਅਤੇ ਉਨ੍ਹਾਂ ਨੇ ਜ਼ਕਰੀਆ ਖਾਨ ਦੀ ਕੋਈ ਵੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਨੇ ਗੁੱਸੇ ਵਿਚ ਆ ਕੇ ਕਾਜ਼ੀ ਕੋਲੋਂ ਦਰਬਾਰ ਵਿਚ ਫਤਵਾ ਜਾਰੀ ਕਰਵਾਇਆ ਕਿ ਭਾਈ ਸਾਹਿਬ ਜੀ ਦੇ ਕੇਸ ਕਤਲ ਕਰ ਦਿੱਤੇ ਜਾਣ ਜਿਸ 'ਤੇ ਭਾਈ ਤਾਰੂ ਸਿੰਘ ਜੀ ਨੇ ਜ਼ੋਰ ਨਾਲ ਵਿਰੋਧਤਾ ਜ਼ਾਹਿਰ ਕੀਤੀ ਅਤੇ ਕੇਸ ਕਟਵਾਉਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਵੱਲੋਂ ਭਾਈ ਸਾਹਿਬ ਦੇ ਕੇਸ ਸਣੇ ਖੋਪਰੀ ਲਾਹ ਦੇਣ ਦਾ ਹੁਕਮ ਹੋਇਆ ਅਤੇ ਨਾਲ ਇਹ ਵੀ ਹੁਕਮ ਹੋਇਆ ਕਿ ਕੇਸ ਇਸ ਤਰ੍ਹਾਂ ਉਤਾਰੇ ਜਾਣ ਕਿ ਮੁੜ ਕੇ ਉੱਗ ਨਾ ਸਕਣ। ਜ਼ਾਲਮਾਂ ਨੇ ਭਾਈ ਸਾਹਿਬ ਦੀ ਖੋਪਰੀ ਰੰਬੀ ਨਾਲ ਉਤਾਰ ਕੇ ਸਿਰ ਤੋਂ ਵੱਖ ਕਰ ਦਿੱਤੀ ਪਰ ਭਾਈ ਸਾਹਿਬ ਨੇ ਮੁੱਖ ਤੋਂ ਸੀ ਨਹੀਂ ਕੀਤੀ। ਭਾਈ ਸਾਹਿਬ ਦੀ ਖੋਪਰੀ ਲਾਹੁਣ ਤੋਂ ਬਾਅਦ ਉਨ੍ਹਾਂ ਨੂੰ ਨਾਲ ਲੱਗਦੀ ਖਾਈ ਵਿਚ ਸੁੱਟ ਦਿੱਤਾ ਗਿਆ। ਸਿੰਘ ਉਥੇ ਪਿਆ ਗੁਰਬਾਣੀ ਪੜ੍ਹਦਾ ਰਿਹਾ। ਤੀਜੇ ਦਿਨ ਨਵਾਬ ਉਥੋਂ ਦੀ ਲੰਘਿਆ ਤਾਂ ਬਾਣੀ ਦੀ ਆਵਾਜ਼ ਸੁਣ ਕੇ ਬੋਲਿਆ ਓਇ ਸਿੱਖਾ ਤੂੰ ਮਰਿਆ ਨੀ? ਸਿੰਘ ਨੇ ਜਵਾਬ ਦਿੱਤਾ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਲੈ ਜਾਣ ਲਈ ਨਹੀਂ ਮਰਿਆ। ਅੱਠਵੇਂ ਦਿਨ ਨਵਾਬ ਦਾ ਪੁੱਤਰ ਅਹੀਆ ਖਾਂ ਸ਼ਿਕਾਰ ਖੇਡਣ ਗਿਆ ਤਾਂ ਘੋੜੇ ਉੱਤੋਂ ਡਿੱਗ ਕੇ ਪੈਰ ਰਕਾਬ ਵਿਚ ਫਸ ਕੇ ਘੜੀਸ ਹੁੰਦਾ ਹੁੰਦਾ ਮਰ ਗਿਆ। ਪੰਦਰ੍ਹਾਂ ਦਿਨਾਂ ਬਾਅਦ ਨਵਾਬ ਨੂੰ ਵੀ ਪਿਸ਼ਾਬ ਦਾ ਬੰਨ੍ਹ ਪੈ ਗਿਆ ਤਾਂ ਬੜੇ-ਬੜੇ ਹਕੀਮ, ਵੈਦ ਆਦਿ ਸੱਦੇ ਗਏ ਪਰ ਕੋਈ ਵਾਹ ਪੇਸ਼ ਨਾ ਗਈ। ਸਰਦਾਰ ਸੁਬੇਗ ਸਿੰਘ ਜੀ ਨੂੰ ਬੁਲਾਇਆ ਗਿਆ। ਸਰਦਾਰ ਸੁਬੇਗ ਸਿੰਘ ਜੀ ਭਾਈ ਤਾਰੂ ਸਿੰਘ ਜੀ ਪਾਸ ਗਏ ਤੇ ਬਚਨ ਵਾਪਸ ਲੈਣ ਲਈ ਕਿਹਾ। ਭਾਈ ਤਾਰੂ ਸਿੰਘ ਨੇ ਕਿਹਾ ਕਿ ਹੁਣ ਜ਼ਕਰੀਆ ਖਾਨ ਦੀ ਮੱਦਦ ਸਾਧ ਸੰਗਤ ਹੀ ਕਰ ਸਕਦੀ ਹੈ। ਫਿਰ ਖ਼ਾਲਸਾ ਨੇ ਨਿਰਣਾ ਕੀਤਾ ਕਿ ਜੇਕਰ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਨਵਾਬ ਦੇ ਸਿਰ 'ਤੇ ਲੱਗੇ ਤਾਂ ਪਿਸ਼ਾਬ ਆ ਸਕਦਾ ਹੈ। ਭਾਈ ਸੁਬੇਗ ਸਿੰਘ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲੈ ਆਇਆ। ਜਿਵੇਂ-ਜਿਵੇਂ ਜੁੱਤੀ ਸਿਰ ਵਿਚ ਵੱਜਦੀ ਗਈ ਤਿਵੇਂ-ਤਿਵੇਂ ਨਵਾਬ ਦੇ ਪਿਸ਼ਾਬ ਦਾ ਬੰਨ੍ਹ ਟੁੱਟਦਾ ਗਿਆ। ਇਸ ਤਰ੍ਹਾਂ ਨਵਾਬ ਜੁੱਤੀਆਂ ਦੀ ਮਾਰ ਖਾਂਦਾ-ਖਾਂਦਾ ਮਰ ਗਿਆ। ਭਾਈ ਸਾਹਿਬ ਜੀ ਦੀ ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਉਹ 22 ਦਿਨ ਜਿੰਦਾ ਰਹੇ ਅਤੇ ਬਾਣੀ ਦਾ ਜਾਪ ਕਰਦੇ ਰਹੇ। ਲਾਹੌਰ ਦਾ ਇਕ ਤਰਖਾਣ ਹਰ ਰੋਜ਼ ਆ ਕੇ ਹਲਦੀ ਦਾ ਲੇਪ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ ਬੰਨ੍ਹਦਾ ਰਿਹਾ। ਅਖੀਰ ਭਾਈ ਤਾਰੂ ਸਿੰਘ ਜੀ 1745 ਈ. ਨੂੰ ਸ਼ਹੀਦੀ ਪਾ ਗਏ। ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ, ਸੁਆਸਾਂ ਨਾਲ ਨਿਭਾਈ। ਜਿਥੇ ਇਹ ਭਾਣਾ ਵਾਪਰਿਆ ਉਸ ਜਗ੍ਹਾ ਦਾ ਨਾਮ ਨਖਾਸ ਚੌਂਕ ਸੀ, ਜੋ ਅੱਜਕਲ੍ਹ ਲਾਹੌਰ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਹੈ। ਇਸ ਸਥਾਨ 'ਤੇ ਹੀ ਸ਼ਹੀਦ ਗੰਜ ਸਿੰਘਣੀਆਂ ਬਣਿਆ ਹੋਇਆ ਹੈ ਅਤੇ ਇਹ ਸਥਾਨ ਲੰਡਾ ਬਜ਼ਾਰ ਨਾਲ ਵੀ ਮਸ਼ਹੂਰ ਹੈ।

ਆਓ ਅਸੀਂ ਸਿੱਖ ਕੌਮ ਦੇ ਨੌਜਵਾਨਾਂ ਨੂੰ ਸਿੱਖੀ ਲਈ ਦਿੱਤੀਆਂ ਗਈਆਂ ਸ਼ਹੀਦੀਆਂ ਤੋਂ ਜਾਣੂੰ ਕਰਵਾਈਏ ਅਤੇ ਕੇਸਾਂ ਦੇ ਮਹੱਤਵ ਬਾਰੇ ਉਨ੍ਹਾਂ ਨੂੰ ਦੱਸੀਏ। ਸਿੱਖੀ ਨੂੰ ਕਾਇਮ ਰੱਖਣਾ ਹੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਮੀਰੀ-ਪੀਰੀ ਦਿਵਸ 24 ਜੁਲਾਈ 'ਤੇ ਵਿਸ਼ੇਸ਼

ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ


ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਕੋਟਲੀ ਭਾਗ, ਗੁਜਰਾਂਵਾਲਾ - ਕੋਟਲੀ ਭਾਗ ਨਾਂ ਦਾ ਇਹ ਪਿੰਡ ਐਮਨਾਬਾਦ ਤੋਂ ਮੀਆਂ ਵਾਲੀ ਬੰਗਲੇ ਨੂੰ ਜਾਣ ਵਾਲੀ ਸੜਕ ਉੱਤੇ ਹੈ। ਇਸ ਦਾ ਬੱਸ ਸਟਾਪ ਪੁਲੀ ਚੱਕ ਰਾਮਦਾਸ ਹੈ। ਪੱਕੀ ਤੋਂ ਪਿੰਡ ਦੀ ਵਾਟ 2 ਕਿਲੋਮੀਟਰ ਹੈ।

ਇੱਥੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਆਪ ਜਿਸ ਪਿੱਪਲ ਦੇ ਰੁੱਖ ਹੇਠ ਬਿਰਾਜੇ, ਉਹ ਅੱਜ ਤੱਕ ਮੌਜੂਦ ਹੈ। ਕੋਲ ਹੀ ਉਹ ਨਿੱਕਾ ਜਿਹਾ ਮੰਜੀ ਸਾਹਿਬ ਅਤੇ ਥੜ੍ਹਾ ਸਾਹਿਬ ਹੈ। ਹੁਣ ਇੱਥੋਂ ਲੋਕ ਵਸ ਗਏ ਹਨ। ਇਸ ਦਰਬਾਰ ਦੇ ਨਾਮ ੧੬ ਘੁਮਾਉ ਜ਼ਮੀਨ ਇਸ ਪਿੰਡ ਵੱਲੋਂ ਹੈ। ੧੪ ਚੇਤਰ ਨੂੰ ਮੇਲਾ ਹੁੰਦਾ ਹੈ।

ਗੁਰਦੁਆਰਾ ਛੇਵੀਂ ਪਾਤਿਸ਼ਾਹੀ ਗੋਲਟੀਆ, ਜ਼ਿਲ੍ਹਾ ਸਿਆਲਕੋਟ - ਗਲੋਟੀਆ ਖੁਰਦ ਨਾਮੀ ਇਹ ਪਿੰਡ ਗੁਜਰਾਵਾਲਾ ਸਿਆਲਕੋਟ ਮੇਨ ਰੋਡ ਉੱਤੇ ਆਬਾਦ ਹੈ। ਬੱਸ ਸਟਾਪ ਗਲੋਟੀਆਂ ਦੇ ਨਾਮ ਤੋਂ ਹੀ ਪ੍ਰਸਿੱਧ ਹੈ। ਮੇਨ ਰੋਡ ਤੋਂ ਪਿੰਡ ਦੀ ਦੂਰੀ ਚਾਰ ਕਿਲੋਮੀਟਰ ਹੈ। ਪਿੰਡ ਵਿੱਚ ਪੱਕੀ ਸੜਕ

ਜਾਂਦੀ ਹੈ, ਟਾਂਗਾ ਅਤੇ ਵੈਗਨ ਸਵਾਰੀ ਆਮ ਮਿਲ ਜਾਂਦੀ ਹੈ।

ਇਸ ਪਿੰਡ ਦੇ ਬਿਲਕੁਲ ਵਿਚਾਲੇ ਸਭ ਤੋਂ ਉੱਚੀ ਥਾਂ ਉੱਤੇ ਛੇਵੇਂ ਪਾਤਿਸ਼ਾਹ ਜੀ ਦਾ ਪਾਵਨ ਅਸਥਾਨ ਹੈ। ਗੁਰੂ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਇੱਥੇ ਬਿਰਾਜੇ। ਇੱਥੇ ਹੀ ਗੁਰੂ ਹਰਿ ਰਾਏ ਜੀ ਨੇ ਇਕ ਪ੍ਰੇਮੀ ਦੀ ਅਰਾਧਨਾ ਤੇ ਅਚਨਚੇਤ ਦਰਸ਼ਨ ਦਿੱਤੇ।

ਗੁਰਦੁਆਰਾ ਸਾਹਿਬ ਦਾ ਸੁੰਦਰ ਗੁੰਬਦ ਦੂਰੋਂ ਹੀ ਨਜ਼ਰ ਆਉਂਦਾ ਹੈ। ਪਿੰਡ ਅੰਦਰ ਇਹ ਸਭ ਤੋਂ ਉੱਚੀ ਇਮਾਰਤ ਹੈ। ਪ੍ਰਕਾਸ਼ ਅਸਥਾਨ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ। ੧੯੪੭ ਤੋਂ ਮਗਰੋਂ ਕਦੇ ਪ੍ਰਕਾਸ਼ ਨਹੀਂ ਹੋਇਆ। ਇਸ ਵੇਲੇ ਪਿੰਡ ਦੇ ਲੋਕ ਇਸ ਇਮਾਰਤ ਨੂੰ ਜੰਞ ਘਰ ਵਜੋਂ ਵਰਤ ਰਹੇ ਹਨ। ਗੁਰੂ ਸਾਹਿਬ ਦੇ ਸਮੇਂ ਇੱਥੇ ਇੱਕ ਬੋਹੜ ਦਾ ਰੁੱਖ ਸੀ ਜੋ ਹੁਣ ਅਲੋਪ ਹੋ ਚੁੱਕਿਆ ਹੈ। ਪਿੰਡ ਵੱਲੋਂ ੧੩ ਘੁਮਾਉਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਇਮਾਰਤ ਦੀ ਹਾਲਤ ਐਨੀ ਪਤਲੀ ਹੈ ਕਿ ਇਹ ਕਿਸੇ ਵੇਲੇ ਵੀ ਅਲੋਪ ਹੋ ਸਕਦੀ ਹੈ।

ਗੁਰਦੁਆਰਾ ਕੁੰਡ ਸਾਹਿਬ, ਰਹਿਸਮਾ, ਜ਼ਿਲ੍ਹਾ ਸਿਆਲਕੋਟ - ਰਹਿਸਮਾ ਨਾਮੀ ਇਹ ਪਿੰਡ ਜ਼ਿਲ੍ਹਾ ਤੇ ਤਹਿਸੀਲ ਸਿਆਲਕੋਟ ਦਾ ਇੱਕ ਸਰਹੱਦੀ ਪਿੰਡ ਹੈ। ਇਸ ਪਿੰਡ ਵਿੱਚ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਤਿੰਨ ਗੁਰਦੁਆਰੇ ਹਨ ਜਿਨ੍ਹਾਂ ਦੇ ਨਾਮ ਕੁੰਡ ਸਾਹਿਬ, ਗੁਰੂ ਸਰ ਅਤੇ ਟਾਹਲੀ ਸਾਹਿਬ ਹਨ। ਹੁਣ ਇਸ ਪਿੰਡ ਦਾ ਨਮ ਸਾਲਿਹ ਪੁਰ ਹੈ। ਕਸਬਾ ਚਪਰਾੜ ਦੇ ਨਾਲ ਇੱਕ ਬੰਧ ਹੈ, ਇਸ ਬੰਧ ਨੂੰ ਪਾਰ ਕਰਕੇ ਇਸ ਪਿੰਡ ਵਿੱਚ ਜਾਣਿਆ ਜਾ ਸਕਦਾ ਹੈ। ਗੁਰਦੁਆਰਾ ਕੁੰਡ ਸਾਹਿਬ ਅਲੋਪ ਹੋ ਚੁੱਕਿਆ ਹੈ। ਕੁੰਡ ਸਾਹਿਬ ਦੇ ਕਿਨਾਰੇ ਦਾ ਇੱਕ ਤਪ ਅਸਥਾਨ ਅੱਜ ਵੀ ਖਲੋਤਾ ਹੈ।

ਗੁਰਦੁਆਰਾ ਗੁਰੂ ਸਰ, ਰਹਿਸਮਾ, ਜ਼ਿਲ੍ਹਾ ਸਿਆਲਕੋਟ - ਜ਼ਿਲ੍ਹਾ ਸਿਆਲਕੋਟ ਦੇ ਪਿੰਡ ਰਹਿਸਮਾ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਗੁਰੂਸਰ ਹੈ। ਇਸ ਪਿੰਡ ਤੋਂ ਕੋਈ ਅੱਧਾ ਕਿਲੋਮੀਟਰ ਬਾਹਰ ਗੁਰੂ ਸਾਹਿਬ ਦਾ ਤਾਲ ਸੀ। ਜਦ ਗੁਰੂ ਸਾਹਿਬ ਇੱਥੇ ਪਧਾਰੇ ਤਦ ਇਹ ਸੁੱਕ ਚੁੱਕਾ ਸੀ, ਗੁਰੂ ਜੀ ਨੇ ਨੇਜਾ ਮਾਰ ਕੇ ਜਲ ਕੱਢਿਆ। ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ।

ਸ ਵੇਲੇ ਇਹ ਪਾਵਨ ਸਰੋਵਰ ਪੂਰਿਆ ਜਾ ਚੁੱਕਾ ਹੈ। ਗੁਰਦੁਆਰਾ ਸਾਹਿਬ ਵਿੱਚ ਲੋਕ ਵਸੇ ਹੋਏ ਹਨ।




ਗੁਰਦੁਆਰਾ ਟਾਹਲੀ ਸਾਹਿਬ, ਰਹਿਸਮਾ, ਸਿਆਲਕੋਟ - ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀਦਾ ਇਹ ਤੀਜਾ ਅਸਥਾਨ ਹੈ। ਜਦ ਗੁਰੂ ਸਾਹਿਬ ਇਥੇ ਤਸ਼ਰੀਫ ਲਿਆਏ, ਤਦ ਇੱਥੋ ਇੱਕ ਗੋਸਾਈ ਸਾਧੂ ਦੀ ਲੜਕੀ ਦਾ ਵਿਆਹ ਸੀ। ਉਸ ਦੀ ਬੇਨਤੀ ਕਰਨ ਉੱਤੇ ਗੁਰੂ ਸਾਹਿਬ ਨੇ ਉਸ ਦੇ ਘਰ ਵਿੱਚ ਚਰਨ ਪਾਏ। ਉਨ੍ਹਾਂ ਜਿਸ ਕੁੰਡ ਵਿੱਚ ਪੈਰ ਧੋਤੇ, ਉਹ ਪੂਜਾ ਅਸਥਾਨ ਬਣ ਗਿਆ। ਗੁਰੂ ਸਾਹਿਬ ਨੇ ਸਾਧੂ ਨੂੰ ਸੌ ਰੁਪਏ ਇੱਕ ਬਟਵੇ ਵਿੱਚ ਪਾ ਕੇ ਦਿੱਤੇ ਅਤੇ ਸੇਹਲੀ ਟੋਪੀ ਬਖਸ਼ੀ। ਕਦੋਂ ਇਹ ਤਿੰਨੇ ਵਸਤਾਂ ਇੱਥੇ ਯਾਦਗਾਰ ਸਨ।

ਪਿੰਡ ਤੋਂ ਪੂਰਬ ਵੱਲ ਟਾਹਲੀ ਸਾਹਿਬ ਨਾਮੀ ਅਸਥਾਨ ਹੈ। ਗੁਰੂ ਸਾਹਿਬ ਕਸ਼ਮੀਰ ਜਾਂਦੇ ਹੋਏ ਇੱਥੇ ਬਿਰਾਜੇ, ਟਾਹਲੀ ਨਾਲ ਘੋੜਾ ਬੰਨ੍ਹਿਆ, ਇਸ ਕਰਕੇ ਇਸ ਦਾ ਨਾਮ ਟਾਹਲੀ ਸਾਹਿਬ ਪ੍ਰਸਿੱਧ ਹੋ ਗਿਆ। ਇਹ ਮਕਾਨ ਵੀ ਹੁਣ ਇੱਕ ਮਕਾਨ ਦੀ ਸੂਰਤ ਵੱਚ ਹੈ। ਇਸ ਅੰਦਰ ਲੋਕਾਂ ਦੀ ਰਿਹਾਇਸ਼ ਹੈ।

ਇਸ ਪਿੰਡ ਨੂੰ ਹੁਣ ਸਾਲਿਹਪੁਰ ਆਖਿਆ ਜਾਂਦਾ ਹੈ। ਇਸ ਦਾ ਪੁਲਿਸ ਸਟੇਸ਼ਨ ਚਿਪਰਾੜ, ਜ਼ਿਲ੍ਹਾ ਤੇ ਤਹਿਸੀਲ ਸਿਆਲਕੋਟ ਹੈ। ਇਹ ਦਰਬਾਰ ਅੰਮ੍ਰਿਤਸਰ ਦੀ ਸੰਗਤ ਨੇ ਬਣਵਾਇਆ ਸੀ, ਇੱਕ ਦੋ ਤੋ ਤਿੰਨ ਹਾੜ ਨੂੰ ਮੇਲਾ ਹੁੰਦਾ ਸੀ। ਤਿੰਨ ਘੁਮਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਮ ਹੈ।

ਗੁਰਦੁਆਰਾ ਚੌਮਾਲਾ ਸਾਹਿਬ, ਭਾਟੀ ਦਰਵਾਜ਼ਾ ਲਾਹੌਰ - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀਦਾ ਇਹ ਪਾਵਨ ਅਸਥਾਨ ਮੁਹੱਲਾ ਚੌਮਾਲਾ, ਅੰਦਰੂਨ ਭਾਟੀ ਦਰਵਾਜ਼ੇ ਵਿੱਚ ਹੈ। ਇਥੇ ਸਤਿਗੁਰੂ ਜੀ ਨੇ ਭਾਈ ਜੀਵਨ ਦੇ ਘਰ ਨਿਵਾਸ ਕੀਤਾ। ਇੱਥੇ ਗੁਰੂ ਸਾਹਿਬ ਨੇ ਕਈ ਵਾਰ ਦੀਵਾਨ ਲਗਾਇਆ। ਪ੍ਰੇਮੀਆਂ ਨੂੰ ਅੰਮ੍ਰਿਤ ਬਚਨਾਂ ਨਾਲ ਨਿਹਾਲ ਕੀਤਾ। ਭਾਈ ਬਿਧੀ ਚੰਦ ਜੀ ਜਦ ਗੁਰੂ ਜੀ ਦੇ ਘੋੜੇ ਲੈਣ ਲਾਹੌਰ ਆਏ ਤਾਂ ਉਹ ਵੀ ਇੱਥੇ ਹੀ ਠਹਿਰੇ। ਇਸ ਮਕਾਨ ਨੂੰ ਭਾਈ ਜੀਵਨ ਨੇ ਗੁਰਦੁਆਰਾ ਬਣਾ ਦਿੱਤਾ। ਇਸ ਦਾ ਪਹਿਲਾ ਪ੍ਰਬੰਧ ਮਹੰਤਾਂ ਪਾਸ ਸੀ। ੧੯੧੫ ਵਿੱਚ ਗੁਰਦੁਆਰਾ ਸਾਹਿਬ ਦੇ ਹਾਲ ਦਾ ਵਿਸਥਾਰ ਕੀਤਾ ਗਿਆ। ਮਹੰਤ ਹਰੀ ਸਿੰਘ ਤੋਂ ਗੁਰਦੁਆਰੇ ਦਾ ਪ੍ਰਬੰਧ ਸੰਗਤਾਂ ਨੇ ਆਪਣੇ ਹੱਥ ਵਿੱਚ ਲੈ ਲਿਆ। ਪਹਿਲਾਂ ਲੋਕਲ ਕਮੇਟੀ ਬਣੀ, ਫਿਰ ੧੯੨੭ ਤੋਂ ੧੯੪੭ ਤੱਕ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਰਿਹਾ, ਹੁਣ ਮਹਿਕਮਾ ਔਕਾਫ ਕੋਲ ਹੈ।

ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਸ਼ਰਧਾਲੂਆਂ ਦੇ ਠਹਿਰਨ ਵਾਸਤੇ ਅਨੇਕਾਂ ਮਕਾਨ ਸਨ। ਗੁਰਦੁਆਰੇ ਦੇ ਨਾਲ ਇੱਕ ਮਕਾਨ ਭਾਟੀ ਦਰਵਾਜ਼ੇ ਤੇ ੮੭ ਘੁਮਾਉਂ ਜ਼ਮੀਨ ਪਿੰਡ ਖੁਦਪੁਰ ਤਹਿਸੀਲ ਲਾਹੌਰ ਵਿੱਚ ਹੈ। ਬਸੰਤ ਪੰਚਮੀ ਨੂੰ ਮੇਲਾ ਹੁੰਦਾ ਸੀ। ਇਸ ਵੇਲੇ ਗੁਰਦੁਆਰਾ

ਸਾਹਿਬ ਦਾ ਨਾਂ ਨਿਸ਼ਾਨ ਮਿਟ ਚੁੱਕਿਆ ਹੈ। ਇਸ ਅਸਥਾਨ ਉੱਤੇ ਲੋਕਾਂ ਨੇ ਤਿੰਨ ਤਿੰਨ ਮੰਜ਼ਲੇ ਮਕਾਨ ਛੱਤ ਲਏ ਹਨ। ਇਤਿਹਾਸ ਦਾ ਇੱਕ ਪੰਨਾ ਮਨਮੁੱਖਾਂ ਨੇ ਚੱਟ ਲਿਆ ਹੈ।

ਗੁਰਦੁਆਰਾ ਪਾਤਸ਼ਾਹੀ ਛੇਵੀਂ, ਮਜੰਗ, ਲਾਹੌਰ - ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੧੬੧੯ ਈ ਨੂੰ ਦੀਵਾਨ ਚੰਦੂ ਨੂੰ ਨਾਲ ਲੈ ਕੇ ਲਾਹੌਰ ਆਏ। ਇੱਥੋਂ ਹੀ ਆਪ ਨੇ ਗੁਰੂ ਘਰ ਦੀ ਪ੍ਰੇਮੀ ਬੀਬੀ ਕੌਲਾਂ ਨੂੰ ਆਪਣੇ ਘੋੜੇ 'ਤੇ ਸਵਾਰ ਕੀਤਾ।

ਗੁਰਦੁਆਰਾ ਸ਼ਿਕਾਰਗੜ੍ਹ ਸਾਹਿਬ, ਕਾਛਾ ਜ਼ਿਲ੍ਹਾ ਲਾਹੌਰ - ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਲਾਹੌਰ ਫੇਰੀ ਨਾਲ ਸਬੰਧਤ ਇਹ ਪਾਵਨ ਅਸਥਾਨ ਲਾਹੌਰ ਤੋਂ ਕੋਈ ੧੫ ਕਿਲੋਮੀਟਰ ਦੀ ਦੂਰੀ ਉੱਤੇ ਹੈ। ਫਿਰੋਜ਼ਪੁਰ ਰੋਡ ਉੱਤੇ ਪ੍ਰਸਿੱਧ ਬੱਸ ਸਟਾਪ ਕਾਹਨਾ ਤੋਂ ਕੋਈ ਚਾਰ ਕਿਲੋਮੀਟਰ ਪੱਛਮ ਵੱਲ ਹੈ। ਰੇਲਵੇ ਸਟੇਸ਼ਨ ਕਾਛਾ ਹੈ, ਜੋ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਹੈ।

ਇਸ ਪਿੰਡ ਵਿੱਚ ਇੱਕ ਟਿੱਬੇ ਉੱਤੇ ਇਹ ਪਾਵਨ ਅਸਥਾਨ ਹੈ। ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ ਵੀ ਆਖਿਆ ਜਾਂਦਾ ਹੈ। ਛੇਵੇਂ ਪਾਤਿਸ਼ਾਹ ਜੀ ਨੇ ਇਥੇ ਸ਼ਿਕਾਰ ਖੇਡਿਆ। ਉਸ ਵੇਲੇ ਇੱਥੇ ਭਾਰੀ ਜੰਗਲ ਸੀ। ਇਸ ਪਿੰਡ ਤੋਂ ਬਾਹਰ ਗੁਰਦੁਆਰਾ ਸਾਹਿਬ ਵਾਲੀ ਗਲੀ ਸਾਹਮਣੇ ਇੱਕ ਵਿਸ਼ਾਲ ਤਾਲ ਹੈ। ਇਹ ਤਾਲ ਦੀਵਾਨ ਲਖਪਤ ਦਾ ਬਣਵਾਇਆ ਹੋਇਆ ਹੈ। ਹੁਣ ਇਹ ਮੱਛੀਪਾਲ ਮਹਿਕਮੇ ਕੋਲ ਹੈ। ਇਸ ਪਾਵਨ ਅਸਥਾਨ ਉੱਤੇ ਭਾਈ ਮੱਲ ਜੀ ਨੇ ਅੰਗਰੇਜ਼ਾਂ ਦਾ ਰਾਜ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦਾ ਪ੍ਰਕਾਸ਼ ਕੀਤਾ। ਪਿੱਛੋਂ ਇਹ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧ ਹੇਠ ਆ ਗਿਆ। ਕਮੇਟੀ ਨੇ ਏਥੇ ਬੱਚਿਆਂ ਦੀ ਉੱਚੀ ਵਿਦਿਆ ਲਈ ਇੱਕ ਕਾਲਜ ਬਣਾਉਣ ਦਾ ਪ੍ਰੋਗਰਾਮ ਬਣਾਇਆ ਜੋ ਅਧੂਰਾ ਰਹਿ ਗਿਆ।


ਇੱਕ ਸਾਲ ਪਹਿਲਾਂ ਇਸ ਪਾਵਨ ਅਸਥਾਨ ਦਾ ਡਿੱਗਾ ਹੋਇਆ ਢਾਂਚਾ ਖਲੋਤਾ ਸੀ। ਹੁਣ ਉਹ ਵੀ ਮੁੱਕ ਗਿਆ ਹੈ। ਇਸ ਜਗ੍ਹਾ ਉੱਤੇ ਇੱਕ ਮੇਉ ਨੇ ਆਪਣੀ ਹਵੇਲੀ ਬਣਾ ਲਈ ਹੈ। ਗੁਰਦੁਆਰਾ ਸਾਹਿਬ ਦੇ ਰਿਹਾਇਸ਼ੀ ਕਮਰੇ, ਇੱਕ ਖੂਹ ਅਤੇ ਲੰਗਰ ਹਾਲ ਮੌਜੂਦ ਹੈ। ਇਨ੍ਹਾਂ ਇਮਾਰਤਾਂ ਵਿੱਚ ਲੋਕ ਵਸੇ ਹੋਏ ਹਨ।

ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਰਾਮਪੁਰ ਕਲਾਂ, ਲਾਹੌਰ - ਰਾਮਪੁਰ ਕਲਾਂ ਨਾਮੀ ਇਹ ਪਿੰਡ ਲਾਹੌਰ ਅੰਮ੍ਰਿਤਸਰ ਰੋਡ ਉੱਤੇ ਆਬਾਦ ਹੈ। ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਸੀ। ਗੁਰੂ ਸਾਹਿਬ ਖਰਕ ਜਾਂਦੇ ਹੋਏ ਇਸ ਥਾਂ ਬਿਰਾਜੇ। ਛੋਟਾ ਜਿਹਾ ਦਰਬਾਰ ਬਣਿਆ ਹੋਇਆ ਸੀ, ਹੁਣ ਅਲੋਪ ਹੋ ਚੁੱਕਿਆ ਹੈ। ਹੁਣ ਇਸ ਅੰਦਰ ਗੁੱਜਰਾਂ ਦੇ ਘਰ ਵਸੇ ਹੋਏ ਹਨ।

ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਮਿਨਹਾਲਾ, ਜ਼ਿਲ੍ਹਾ ਲਾਹੌਰ - ਮਿਨਹਾਲਾ ਨਾਮੀ ਇਹ ਪਿੰਡ ਥਾਣਾ ਬਰਕੀ ਜ਼ਿਲ੍ਹਾ ਲਾਹੌਰ ਵਿੱਚ ਹੈ। ਇਸ ਪਿੰਡ ਨੂੰ ਜਾਣ ਵਾਸਤੇ ਜੱਲੋ ਮੋੜ ਤੋਂ ਇੱਕ ਸੜਕ ਨਿਕਲਦੀ ਹੈ। ਵੈਗਨਾਂ ਤੇ ਟਾਂਗੇ ਆਮ ਮਿਲ ਜਾਂਦੇ ਹਨ। ਇਸ ਨਗਰ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪਾਵਨ ਅਸਥਾਨ ਹੈ। ਗੁਰਦੁਆਰਾ ਸਾਹਿਬ ਪਿੰਡ ਵਿੱਚ ਵੜਦਿਆਂ ਹੀ ਸੱਜੇ ਹੱਥ ਉੱਤੇ ਇੱਕ ਵਿਸ਼ਾਲ ਛੱਪੜ ਕਿਨਾਰੇ ਹੈ। ਇਹ ਛੱਪੜ ਕਦੇ ਗੁਰਦੁਆਰਾ ਸਾਹਿਬ ਦਾ ਸਰੋਵਰ ਸੀ। ਇਮਾਰਤ ਗਿਰ ਚੁੱਕੀ ਹੈ। ਕੇਵਲ ਇੱਕ ਬੁਰਜ ਹੀ ਖਲੋਤਾ ਹੈ। ਇਹ ਵੀ ਕਿਸੇ ਵੇਲੇ ਅਲੋਪ ਹੋ ਸਕਦਾ ਹੈ।

ਸ਼ਹੀਦੀ ਦਿਹਾੜੇ 31 ਜੁਲਾਈ 'ਤੇ ਵਿਸ਼ੇਸ਼

ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ



ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਹਾਸਲ ਹੈ। ਇਸ ਧਰਤੀ 'ਤੇ ਅਨੇਕਾਂ ਯੋਧਿਆਂ ਨੇ ਜਨਮ ਲਿਆ ਅਤੇ ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਆਪੋ ਆਪਣਾ ਫਰਜ਼ ਨਿਭਾ ਕੇ ਰੁਖਸਤ ਹੋਏ। ਇਸ ਧਰਤੀ ਨੇ ਅਜਿਹੇ ਸੂਰਮਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖ਼ਾਤਰ ਹੱਸਦਿਆਂ-ਹੱਸਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਫ਼ਾਂਸੀ ਚੜ੍ਹਨ ਲੱਗਿਆਂ ਫ਼ਾਸੀ ਦੇ ਰੱਸੇ ਨੂੰ ਚੁੰਮਦਿਆਂ ਆਪਣੇ ਗਲ ਵਿਚ ਆਪਣੇ ਹੱਥੀਂ ਆਪ ਪਾਇਆ ਅਤੇ ਲਾੜੀ ਸਮਝਿਆ। ਇਹੋ ਜਿਹੇ ਸ਼ਹੀਦਾਂ ਵਿਚੋਂ ਹੀ ਇਕ ਮਹਾਨ ਯੋਧਾ ਸੀ ਸ਼ਹੀਦ ਊਧਮ ਸਿੰਘ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ: ਨੂੰ ਸੁਨਾਮ (ਪੰਜਾਬ) ਵਿਚ ਸ: ਟਹਿਲ ਸਿੰਘ ਦੇ ਘਰ ਹੋਇਆ। ਸ: ਟਹਿਲ ਸਿੰਘ ਰੇਲਵੇ ਫਾਟਕ 'ਤੇ ਡਿਊਟੀ ਕਰਦਾ ਸੀ। ਊਧਮ ਸਿੰਘ ਦੇ ਬਚਪਨ ਦਾ ਨਾਂਅ ਸ਼ੇਰ ਸਿੰਘ ਸੀ ਅਤੇ ਉਸ ਦਾ ਇਕ ਭਰਾ ਮੁਕਤਾ ਸਿੰਘ ਸੀ। ਸ਼ੇਰ ਸਿੰਘ ਅਤੇ ਉਸ ਦੇ ਭਰਾ 'ਤੇ ਮੁਸੀਬਤਾਂ ਦਾ ਪਹਾੜ ਉਸ ਵੇਲੇ ਡਿੱਗਾ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਬਚਪਨ ਵਿਚ ਹੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਸ਼ੇਰ ਸਿੰਘ ਦੀ ਉਮਰ ਕੇਵਲ 7 ਸਾਲ ਸੀ 24 ਅਕਤੂਬਰ, 1907 ਨੂੰ ਸ਼ੇਰ ਸਿੰਘ ਅਤੇ ਉਸ ਦਾ ਭਰਾ ਮੁਕਤਾ ਸਿੰਘ ਅੰਮ੍ਰਿਤਸਰ ਦੇ ਸੈਂਟਰਲ ਖ਼ਾਲਸਾ ਯਤੀਮਖਾਨੇ ਪਹੁੰਚ ਗਏ। ਯਤੀਮਖਾਨੇ ਦੇ ਨਿਯਮਾਂ ਅਨੁਸਾਰ ਸ਼ੇਰ ਸਿੰਘ ਦਾ ਨਾਂਅ ਬਦਲ ਕੇ ਊਧਮ ਸਿੰਘ ਅਤੇ ਮੁਕਤਾ ਸਿੰਘ ਦਾ ਨਾਂਅ ਬਦਲ ਕੇ ਸਾਧੂ ਸਿੰਘ ਰੱਖ ਦਿੱਤਾ ਗਿਆ। ਦੁਨੀਆ ਵਿਚ ਮੌਜੂਦ ਖ਼ੂਨ ਦਾ ਇਕੋ-ਇਕ ਰਿਸ਼ਤਾ ਵੀ ਉਸ ਵੇਲੇ ਖ਼ਤਮ ਹੋ ਗਿਆ ਜਦੋਂ 1917 ਵਿਚ ਸਾਧੂ ਸਿੰਘ ਦੀ ਮੌਤ ਹੋ ਗਈ।

13 ਅਪ੍ਰੈਲ, 1919 ਈ. ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ ਨਿਹੱਥੇ ਲੋਕਾਂ ਦੇ ਭਾਰੀ ਇਕੱਠ ਉੱਪਰ ਜਨਰਲ ਰੀਜਨਲਡ ਐਡਵਰ ਹੈਰੀ ਡਾਇਰ ਦੁਆਰਾ ਅੰਨ੍ਹੇਵਾਹ ਗੋਲੀਆਂ ਦੀ ਬੁਛਾਰ ਕੀਤੀ ਗਈ। ਇਸ ਇਕੱਠ ਵਿਚ ਸ਼ਾਮਿਲ ਮਾਸੂਮ ਬੱਚੇ, ਬਜ਼ੁਰਗ, ਮਰਦ ਅਤੇ ਔਰਤਾਂ ਵਿਚ ਗੋਲੀਆਂ ਚੱਲਣ ਕਾਰਨ ਭੱਜ-ਦੌੜ ਮਚ ਗਈ। ਤਰਾਸਦੀ ਇਹ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਇਕ ਹੀ ਦਰਵਾਜ਼ਾ ਹੋਣ ਕਾਰਨ ਲੋਕ ਆਪਣੀਆਂ ਜਾਨਾਂ ਨਾ ਬਚਾਅ ਪਾਏ। ਬਹੁਤ ਸਾਰੇ ਲੋਕਾਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆ ਅਤੇ ਇਕ ਹਜ਼ਾਰ ਤੋਂ ਵੱਧ ਮਜ਼ਲੂਮ ਲੋਕ ਗੋਲੀਆਂ ਦਾ ਸ਼ਿਕਾਰ ਹੋ ਗਏ। ਜਲ੍ਹਿਆਂਵਾਲੇ ਬਾਗ ਦੀਆਂ ਕੰਧਾਂ 'ਤੇ ਮੌਜੂਦ ਗੋਲੀਆਂ ਦੇ ਨਿਸ਼ਾਨ ਅੱਜ ਵੀ ਉਸ ਦਿਲ-ਕੰਬਾਊ ਘਟਨਾ ਦਾ ਪ੍ਰਤੱਖ ਪ੍ਰਮਾਣ ਹਨ। ਇਸ ਅਣਮਨੁੱਖੀ ਘਟਨਾ ਦੀ ਖਬਰ ਜੰਗਲ ਦੀ ਅੱਗ ਵਾਂਗ ਚਾਰ-ਚੁਫ਼ੇਰੇ ਫੈਲਣ ਦੇ ਨਾਲ-ਨਾਲ ਸੱਤ ਸਮੁੰਦਰ ਪਾਰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚ ਗਈ। ਇਸ ਮੰਦਭਾਗੀ ਘਟਨਾ ਦੇ ਕਾਰਨ ਨੌਜਵਾਨ ਵਰਗ ਵਿਚ ਬਗ਼ਾਵਤ ਦੀ ਲਹਿਰ ਹੋਰ ਜ਼ੋਰ ਫੜ ਗਈ। ਇਨ੍ਹਾਂ ਨੌਜਵਾਨਾਂ ਵਿਚੋਂ ਹੀ ਇਕ ਨਾਂਅ ਸ਼ਹੀਦ ਊਧਮ ਸਿੰਘ ਦਾ ਸੀ, ਜਿਸ ਦੇ ਦਿਲ-ਦਿਮਾਗ 'ਤੇ ਇਸ ਘਟਨਾ ਨੇ ਬਹੁਤ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬਦਲੇ ਦੀ ਚਿਣਗ ਨੂੰ ਦਿਲ ਵਿਚ ਲੈ ਆਜ਼ਾਦੀ ਦੇ ਰਾਹ 'ਤੇ ਤੁਰ ਪਿਆ।

Er. Baljit Singh
Bhagtana Dy.C.E.
Vice President
BMSLF Chd.
96461-00529



1920 ਵਿਚ ਊਧਮ ਸਿੰਘ ਭਾਰਤ ਨੂੰ ਛੱਡ ਅਮਰੀਕਾ ਚਲਿਆ ਗਿਆ। ਊਧਮ ਸਿੰਘ ਦੇ ਜੀਵਨ ਉੱਪਰ ਸ: ਭਗਤ ਸਿੰਘ ਦਾ ਬਹੁਤ ਜ਼ਿਆਦਾ ਪ੍ਰਭਾਵ ਪਿਆ। ਉਹ ਸ: ਭਗਤ ਸਿੰਘ ਦੀ ਤਰ੍ਹਾਂ ਹੀ ਗਰਮ ਖਿਆਲੀ ਕ੍ਰਾਂਤੀਕਾਰੀ ਸੀ। ਊਧਮ ਸਿੰਘ ਸੰਨ 1924 ਵਿਚ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਿਆ। ਸ: ਭਗਤ ਸਿੰਘ ਦੇ ਕਹਿਣ ਉੱਤੇ 27 ਜੁਲਾਈ, 1927 ਨੂੰ ਊਧਮ ਸਿੰਘ ਆਪਣੇ ਸਾਥੀਆਂ ਅਤੇ ਕੁਝ ਅਸਲ੍ਹੇ ਸਮੇਤ ਭਾਰਤ ਵਾਪਸ ਆ ਗਿਆ। 30 ਅਗਸਤ, 1927 ਨੂੰ ਗੈਰ-



ਕਾਨੂਨੀ ਅਸਲ੍ਹਾ ਰੱਖਣ ਦੇ ਦੋਸ਼ ਵਿਚ ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਵਿਚ ਉਸ ਨੂੰ 4 ਸਾਲ ਦੀ ਕੈਦ ਹੋ ਗਈ। ਜਦੋਂ ਭਗਤ ਸਿੰਘ ਨੂੰ ਫ਼ਾਂਸੀ ਦਿੱਤੀ ਗਈ ਤਾਂ ਉਸ ਸਮੇਂ ਊਧਮ ਸਿੰਘ ਜੇਲ੍ਹ ਵਿਚ ਸੀ। ਸੰਨ 1931 ਵਿਚ ਆਪਣੀ ਸਜ਼ਾ ਪੂਰੀ ਕਰ ਜਦੋਂ ਊਧਮ ਸਿੰਘ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਉਹ ਸੁਨਾਮ ਜਾ ਕੇ ਰਹਿਣ ਲੱਗਾ। ਪਰ ਸੁਨਾਮ ਦੀ ਪੁਲਿਸ ਦੁਆਰਾ ਊਧਮ ਸਿੰਘ ਨੂੰ ਤੰਗ ਕੀਤਾ ਜਾਣ ਲੱਗਾ। ਊਧਮ ਸਿੰਘ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ, ਜਿੱਥੇ ਉਸ ਨੇ ਪੇਂਟਰ ਦੀ ਦੁਕਾਨ ਖੋਲ੍ਹੀ। ਇਸ ਦੁਕਾਨ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਂਅ ਊਧਮ ਸਿੰਘ ਦੁਆਰਾ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿਚ ਰਹਿਣ ਤੋਂ ਪਿੱਛੋਂ ਊਧਮ ਸਿੰਘ ਘੁੰਮਦਾ-ਘੁੰਮਾਉਂਦਾ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਪਹੁੰਚਣ ਤੱਕ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਚੰਗਿਆੜੀ ਜੋ 20 ਸਾਲ ਤੱਕ ਊਧਮ ਸਿੰਘ ਦੇ ਸੀਨੇ ਵਿਚ ਧੁਖਦੀ ਰਹੀ, ਇਕ ਭਿਆਨਕ ਅੱਗ ਦਾ ਰੂਪ ਅਖ਼ਤਿਆਰ ਕਰ ਚੁੱਕੀ ਸੀ।

ਆਖਰਕਾਰ 13 ਮਾਰਚ, 1940 ਨੂੰ ਉਹ ਦਿਨ ਆ ਗਿਆ, ਜਿਸ ਦੀ ਊਧਮ ਸਿੰਘ 20 ਸਾਲਾਂ ਤੋਂ ਉਡੀਕ ਕਰ ਰਿਹਾ ਸੀ। 13 ਮਾਰਚ, 1940 ਨੂੰ ਸ਼ਾਮ ਦੇ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿਚ ਸਫ਼ਲ ਹੋਇਆ। ਜਦੋਂ ਮਾਈਕਲ ਅਡਵਾਇਰ ਜੋ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ, ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉੱਪਰ ਦਾਗ਼ ਦਿੱਤੀਆਂ। ਗੋਲੀਆਂ ਲੱਗਣ ਕਾਰਨ ਅਡਵਾਇਰ ਜ਼ਮੀਨ ਉੱਪਰ ਡਿੱਗ ਪਿਆ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਲਾਰਡ ਜੈਂਟਲੈਂਡ ਜੋ ਭਾਰਤ ਦਾ ਸੈਕਟਰੀ ਸੀ, ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਸ਼ਹੀਦ ਊਧਮ ਸਿੰਘ ਦੁਆਰਾ ਮਾਈਕਲ ਅਡਵਾਇਰ ਦਾ ਕਤਲ ਕਰਨ ਤੋਂ ਬਾਅਦ ਆਪਣੇ ਜੁਰਮ ਦਾ ਇਕਬਾਲ ਕਰਨਾ ਉਸ ਦੀ ਸੂਰਬੀਰਤਾ ਦੀ ਨਿਸ਼ਾਨੀ ਸੀ। ਗ੍ਰਿਫ਼ਤਾਰੀ ਸਮੇਂ ਊਧਮ ਸਿੰਘ ਇਹੀ ਕਹਿ ਰਿਹਾ ਸੀ ਕਿ ਉਸ ਨੇ ਆਪਣੇ ਦੇਸ਼ ਪ੍ਰਤੀ ਆਪਣਾ ਫ਼ਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸ ਦਾ ਨਾਂਅ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਆਪਣਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ।

ਸ਼ਹੀਦ ਊਧਮ ਸਿੰਘ ਵਲੋਂ ਮਾਈਕਲ ਅਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖ਼ਬਾਰ 'ਦੀ ਟਾਈਮਜ਼ ਆਫ ਲੰਡਨ' ਨੇ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ। ਜਰਮਨੀ ਦੇ ਰੇਡੀਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ 'ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਮੁਆਫ਼ ਨਹੀਂ ਕਰਦੇ, ਉਹ ਵੀਹ ਸਾਲ ਤੋਂ ਲੰਮੇ ਵਕਫ਼ੇ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ।' ਸੁਭਾਸ਼ ਚੰਦਰ ਬੋਸ ਦੁਆਰਾ ਊਧਮ ਸਿੰਘ ਦੇ ਇਸ ਕਾਰਨਾਮੇ ਦੀ ਪ੍ਰਸੰਸਾ ਕੀਤੀ ਗਈ। ਪਹਿਲੀ ਅਪ੍ਰੈਲ, 1940 ਨੂੰ ਊਧਮ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ। ਮਾਈਕਲ ਅਡਵਾਇਰ ਦੇ ਕਤਲ ਲਈ ਉਸ ਨੂੰ ਦੋਸ਼ੀ ਠਹਿਰਾਇਆ ਗਿਆ। 4 ਜੂਨ, 1940 ਸੈਂਟਰਲ ਕ੍ਰਿਮੀਨਲ ਕੋਰਟ, ਓਲਡ ਬੈਲੇ ਵਿਚ ਜਸਟਿਸ ਐਂਟਕਨਸਨ ਦੇ ਸਾਹਮਣੇ ਊਧਮ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਜੱਜ ਦੁਆਰਾ ਮਾਈਕਲ ਅਡਵਾਇਰ ਦੇ ਕਤਲ ਦਾ ਕਾਰਨ ਪੁੱਛਣ 'ਤੇ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿੱਛੋਂ ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ, 1940 ਨੂੰ ਊਧਮ ਸਿੰਘ ਨੂੰ ਪੈਂਟੋਨਵਿਲੇ ਜੇਲ੍ਹ ਲੰਡਨ ਵਿਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਜੇਲ੍ਹ ਦੇ ਅੰਦਰ ਹੀ ਦਬਾਅ ਦਿੱਤਾ ਗਿਆ। ਬੇਸ਼ੱਕ ਪੰਜਾਬ ਦਾ ਇਹ ਮਹਾਨ ਸਪੂਤ 31 ਜੁਲਾਈ, 1940 ਨੂੰ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ ਪਰ ਉਸ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿਚ ਉਸ ਨੂੰ ਜਿਉਂਦਾ ਰੱਖੇਗੀ। ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਹੈ।

ਸਫਲ ਜੀਵਨ ਲਈ ਸਹਿਜ ਮਾਰਗ ਦੀ ਲੋੜ

ਅੱਜ ਦੇ ਰਹਿਣ-ਸਹਿਣ ਵੱਲ ਨਿਗ੍ਹਾ ਮਾਰੀਏ ਤਾਂ ਅਜੋਕੀ ਜ਼ਿੰਦਗੀ ਵਿਚੋਂ ਆਪਸੀ ਭਾਈਚਾਰਕ ਸਾਂਝਾਂ, ਨਿਰਮਾਣਤਾ ਤੇ ਪਿਆਰ ਭਰੀਆਂ ਸੂਝਾਂ-ਬੂਝਾਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਜ਼ਿੰਦਗੀ ਦੀ ਤੇਜ਼-ਤਰਾਰ ਤੇ ਭੱਜ-ਦੌੜ ਭਰੀਆਂ ਰਾਹਾਂ ਤੇ ਲੋਭ ਤੇ ਮੋਹ ਭਰੀਆਂ ਨਿਗਾਹਾਂ ਵਾਲੀ ਸੋਚ ਨੇ ਨਿੱਘੇ ਰਿਸ਼ਤਿਆਂ ਨੂੰ ਵੀ ਦੂਰ ਖੜੋ ਕੇ ਤੱਕਣ ਲਈ ਮਜਬੂਰ ਕਰ ਦਿੱਤਾ ਹੈ। ਆਪਣੇ ਤੇ ਆਪਣਿਆਂ ਲਈ ਲੋਭ ਭਰੀਆਂ ਵਸਤਾਂ ਭਾਲਦਾ ਇਨਸਾਨ ਆਪਣੇ ਕਰੀਬੀ ਤੇ ਦਿਲੀ ਸਾਂਝ ਵਾਲੇ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ ਤੇ ਇਨ੍ਹਾਂ ਰਿਸ਼ਤਿਆਂ ਨੂੰ ਪੈਰਾਂ ਹੇਠ ਮਧੋਲਦਾ ਅੱਗੇ ਵਧਦਾ ਜਾ ਰਿਹਾ ਹੈ।

ਅੱਜ ਨਿਮਰਤਾ, ਸਹਿਣਸ਼ੀਲਤਾ ਤਾਂ ਮਨੁੱਖੀ ਜਾਮੇ 'ਚੋਂ ਮਨਫੀ ਹੀ ਹੁੰਦੇ ਜਾ ਰਹੇ ਹਨ। ਚੋਰ-ਮੋਰੀ, ਠੱਗੀ-ਯਾਰੀ ਸਿਰਫ ਤੇ ਸਿਰਫ ਮਤਲਬ ਹੀ ਇਨ੍ਹਾਂ ਦੀ ਰੋਜ਼ ਦੀ ਕਾਰਗੁਜ਼ਾਰੀ ਹੁੰਦੀ ਹੈ। ਅਜਿਹੇ ਲੋਕ ਜ਼ਿੰਦਗੀ ਨੂੰ ਸਿਰਫ ਜਿਉਣਾ ਹੀ ਜਾਣਦੇ ਹਨ। ਇਸ ਜ਼ਿੰਦਗੀ ਰੂਪੀ ਵਿਸ਼ਾਲ ਤੇ ਲੰਬੇ ਪੈਂਡੇ ਤੇ ਚੱਲਦਿਆਂ ਇਨਸਾਨ ਨੂੰ ਕਈ ਖੁਸ਼ੀਆਂ ਤੇ ਨਮੋਸ਼ੀਆਂ ਵੀ ਝੱਲਣੀਆਂ ਪੈਂਦੀਆਂ ਹਨ। ਕੁਝ ਬੰਦੇ ਇਨ੍ਹਾਂ ਹਾਰਾਂ ਨੂੰ ਝੱਲ ਕੇ ਤੇ ਤਜ਼ਰਬੇ ਦੀ ਭੱਠੀ 'ਚ ਪੱਕ ਕੇ ਕੁੰਦਨ ਬਣ ਜਾਂਦੇ ਹਨ ਪਰ ਕੁਝ ਇਸ ਤੋਂ ਉਲਟ ਸਮੇਂ ਦੀ ਮਾਰ ਨਾ ਝੱਲਦੇ ਸਭ ਕੁਝ ਛੱਡ ਕੇ ਹੌਂਸਲਾ ਪ੍ਰਸਤ ਬਣ ਜਾਂਦੇ ਹਨ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਅਜਿਹਿਆਂ ਲਈ ਫਿਰ ਨਸ਼ੇ ਤੇ ਬੇਗੈਰਤ ਗੁਲਾਮੀ ਹੀ ਆਖਰੀ ਸਮੇਂ ਵਜੋਂ ਬਾਕੀ ਬਚਦੀ ਹੈ। ਅਜਿਹੇ ਲੋਕਾਂ ਲਈ ਜ਼ਿੰਦਗੀ ਦੇ ਰਿਸ਼ਤਿਆਂ ਦੀਆਂ ਤੰਦਾਂ ਬੇਹੱਦ ਕਮਜ਼ੋਰ ਤੇ ਨਾਜ਼ੁਕ ਹੋ ਜਾਂਦੀਆਂ ਹਨ। ਜ਼ਿੰਦਗੀ ਨੂੰ ਜਿਊਣ ਤੇ ਮਾਨਣ ਵਿਚ ਬਹੁਤ ਫਰਕ ਹੈ। ਇਕ ਉਹ ਲੋਕ ਹਨ ਜੋ ਜ਼ਿੰਦਗੀ ਨੂੰ ਸਿਰਫ ਜਿਊਂਦੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਉਨ੍ਹਾਂ ਦਿਨ ਵਿਚ ਕੀ ਬੁਰਾ ਕੀਤਾ, ਕੀ ਚੰਗਾ ਕੀਤਾ, ਕਿਸ ਨਾਲ ਧੋਖਾ ਕੀਤਾ, ਕਿਸ ਦਾ ਦਿਲ ਤੋੜਿਆ? ਝੂਠ, ਫਰੇਬ ਤੇ ਬੇਈਮਾਨੀ ਦੀ ਕਮਾਈ ਤੋਂ ਜਨਮੀ ਖੁਸ਼ੀ ਸਿਰਫ ਕੁਝ ਪਲ ਦੀ ਹੀ ਉਮਰ ਰੱਖਦੀ ਹੈ ਤੇ ਮਨ ਦਾ ਚੈਨ ਤੇ ਰਾਤਾਂ ਦੀ ਨੀਂਦ ਵੀ ਫਿਰ ਅੱਖਿਆਂ ਹੀ ਬਹੁੜਦੀ ਹੈ।

ਮਾੜੇ ਕਰਮ ਤੇ ਧੋਖਾ ਦਗੇ ਦਾ ਨਤੀਜਾ ਹਰ ਹਾਲ ਭੁਗਤਣਾ ਪੈਂਦਾ ਹੈ ਤੇ ਚਾਹੇ ਹੁਣ ਚਾਹੇ ਪਿਛੋਂ। ਅਜਿਹੇ ਨਿੱਜੀ ਲੋਭ, ਮੋਹ, ਸਮੇਂ ਤੇ ਸੰਘਰਸ਼ ਦੀ ਘੋੜ-ਦੌੜ ਵਿਚ ਸੰਸਕਾਰਾਂ ਤੇ ਰੱਬੀ ਕਿਰਤ ਤੋਂ ਸੱਖਣੇ ਰਹਿੰਦੇ ਹਨ। ਇਨ੍ਹਾਂ ਲਈ ਸਿਰਫ ਨੀਰਸ ਜਿਹੀ ਜ਼ਿੰਦਗੀ ਨੂੰ ਜਿਊਣਾ ਹੀ ਇਕ ਉਦੇਸ਼ ਰਹਿ ਜਾਂਦਾ ਹੈ। ਬਜ਼ੁਰਗਾਂ ਤੇ ਮਾਪਿਆਂ ਦੇ ਚਿਹਰਿਆਂ ਦੀਆਂ ਝੁਰੜੀਆਂ ਤੇ ਅੱਥਰੂ ਭਰੀਆਂ ਅੱਖਾਂ ਦੁੱਖ ਬਿਆਨ ਕਰਦੀਆਂ ਹਨ। ਉਹ ਅੱਖਾਂ ਵਿਚ ਵਿਲਕਣੀਆਂ ਭਰੇ ਹੋਏ ਸੋਚਦੇ ਤੇ ਲੋਚਦੇ ਦਿਖਦੇ ਹਨ ਕਿ ਕਾਸ਼ ਕਿਤੇ ਉਨ੍ਹਾਂ ਆਪਣੀ ਔਲਾਦ ਨੂੰ ਸਹੀ ਸੇਧ ਦਿੱਤੀ ਹੁੰਦੀ। ਸਹੀ ਸੰਸਕਾਰ ਦਿੱਤੇ ਹੁੰਦੇ।

ਅਗਲੀ ਪੀੜ੍ਹੀ ਨੂੰ ਸਹੀ ਜ਼ਿੰਦਗੀ ਜਿਊਣ ਤੇ ਮਾਨਣ ਦਾ ਮਨੋਰਥ ਸਮਝਾਉਣਾ ਮਾਤਾ ਪਿਤਾ ਦੇ ਹੀ ਹੱਥ ਵਸ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਰਾਜ-ਸਿੰਘਾਸਨ ਤੇ ਤਖਤੋ-ਤਾਜ ਐਵੇਂ ਇਕ ਦੋ ਦਿਨਾਂ 'ਚ ਨਹੀਂ ਬਣ ਜਾਂਦੇ। ਇਨ੍ਹਾਂ ਪਿੱਛੇ ਲੰਬੇ ਸਮਿਆਂ ਦੀ ਹੱਡ ਭੰਨਵੀਂ ਮਿਹਨਤ, ਜੱਦੋ-ਜਹਿਦ ਤੇ ਅਣਥੱਕ ਯਤਨ ਬੋਲਦੇ ਹਨ। ਬੱਚਿਆਂ ਨੂੰ ਛੋਟੀ ਉਮਰੇ ਹੀ ਕਿਰਤ, ਨਾਮ ਸਿਮਰਨ, ਸੱਚ ਤੇ ਸ਼ੁਭ ਗੁਣਾਂ ਦੇ ਬੀਜਾਂ ਨਾਲ ਪਰਵਰਿਸ਼ ਕਰਨੀ ਚਾਹੀਦੀ ਹੈ ਤਾਂ ਜੋ ਜਵਾਨੀ ਦੀ ਸਰਦਲ ਤੇ ਪਹੁੰਚਦੇ ਹੀ ਉਹ ਸੋਚੇ ਕਿ ਉਸ ਦਾ ਲਿਆ ਕੋਈ ਵੀ ਫੈਸਲਾ ਕਿਤੇ ਪਛਤਾਵਾ ਨਾ ਲੈ ਕੇ ਆਵੇ।

ਸਾਰੀ ਉਮਰੇ ਉਸ ਨੂੰ ਗਮੀ ਤੇ ਮਾਂ-ਬਾਪ ਨੂੰ ਅੱਥਰੂਆਂ ਦਾ ਹੜ੍ਹ ਨਾ ਝਾਗਣਾ ਪਵੇ। ਜ਼ਿੰਦਗੀ ਨੂੰ ਹੰਢਾਉਣਾ ਵੀ ਇਕ ਮਹਾਨ ਕਾਰਜ ਹੈ। ਇਸ ਸ਼ੈਣੀ ਦੇ ਲੋਕ ਉਹ ਹਨ ਜਿਨ੍ਹਾਂ ਨੇ ਪੀੜ੍ਹੀ-ਦਰ-ਪੀੜ੍ਹੀ ਸੰਸਕਾਰ, ਨਾਮ-ਸਿਮਰਨ, ਕਿਰਤ-ਸੱਚ ਦੇ ਬੀਜ ਆਪਣੀ ਪਿਛਲੀ ਪੀੜ੍ਹੀ ਤੋਂ ਲਏ ਤੇ ਅਗਲੀ ਲਈ ਬੀਜੇ ਹੁੰਦੇ ਹਨ ਤੇ ਉਹ ਉਮਰਾਂ ਦੇ ਤਜ਼ਰਬੇ ਤੇ ਵਿਸ਼ਵਾਸ ਦੇ ਪਾਣੀ ਨਾਲ ਸਿਜਦੇ ਹਨ। ਦੁੱਖ-ਸੁੱਖ ਦੇ ਤਾਪ, ਸਬਰ, ਭਜਨ-ਬੰਦਗੀ ਤੇ ਸੰਤੁਸ਼ਟੀ ਦੇ ਮਿਸ਼ਰਨ ਨਾਲ ਕੁੰਦਨ ਜਿਹੇ ਬਣ ਜਾਂਦੇ ਹਨ। ਜ਼ਿੰਦਗੀ ਨੂੰ ਜਿਊਣ, ਮਾਨਣ ਤੇ ਹੰਢਾਉਣ ਲਈ ਸਹੀ ਸੰਸਕਾਰ, ਸੱਚ, ਇਮਾਨਦਾਰੀ, ਸਬਰ, ਸੰਤੋਖ, ਕਿਰਤ ਤੇ ਨਾਮ ਦੀ ਸੋਝੀ ਦੀ ਗੁੜਤੀ ਤੇ ਜਾਗ ਅਜਿਹੇ ਗੁਣਾਂ ਦੇ ਧਾਰਨੀ ਮਾਪੇ ਹੀ ਦੇ ਸਕਦੇ ਹਨ।

ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥

ਸੁਰਿੰਦਰ ਸਿੰਘ ਰੂਬੀ

ਸਾਲ ਦੇ ਸਾਰੇ ਸਮੇਂ ਨੂੰ ਚਾਰ ਮੁੱਖ ਰੁੱਤਾਂ ਵਿਚ ਵੰਡਿਆ ਗਿਆ ਹੈ। ਸਰਦੀ, ਗਰਮੀ, ਪਤਝੜ ਅਤੇ ਬਹਾਰ ਦੀ ਰੁੱਤ। ਜੇਠ-ਹਾੜ ਦੇ ਮਹੀਨੇ, ਜੋ ਅੰਗਰੇਜ਼ੀ ਸਾਲ ਦੇ ਅੱਧ ਮਈ ਤੋਂ ਅੱਧ ਜੁਲਾਈ ਤੱਕ ਦੇ ਮਹੀਨੇ ਹੁੰਦੇ ਹਨ ਦੇ ਸਮੇਂ ਉਤਰੀ ਭਾਰਤ ਦੇ ਮੈਦਾਨੀ ਖਿੱਤੇ ਵਿਚ ਬੜੀ ਗਰਮੀ ਦੇ ਦਿਨ ਹੁੰਦੇ ਹਨ। ਅਜੋਕੇ ਸਮੇਂ ਵਿਚ ਮਨੁੱਖੀ ਗਲਤੀਆਂ ਨਾਲ ਕੁਦਰਤੀ ਵਾਤਾਵਰਣ ਅਤੇ ਮੌਸਮਾਂ ਦੇ ਸਮਤੋਲ ਵਿਚ ਬੜੀਆਂ ਹੈਰਾਨੀਜਨਕ ਤਬਦੀਲੀਆਂ ਆਈਆਂ ਹਨ। ਬਾਕੀ ਰੁੱਤਾਂ ਦੇ ਮੁਕਾਬਲੇ ਗਰਮੀ ਦੀ ਰੁੱਤ ਨੇ ਆਪਣੇ ਹਿੱਸੇ ਦੇ ਸਮੇਂ ਵਿਚ ਖਾਸ ਵਾਧਾ ਕਰ ਲਿਆ ਹੈ। ਕਾਰਨ ਧਰਤੀ ਤੋਂ ਜੰਗਲਾਂ ਦਾ ਘਟਨਾ, ਬ੍ਰਿਖ ਪੌਦਿਆਂ ਦੀ ਅੰਨ੍ਹੇਵਾਹ ਕਟਾਈ ਅਤੇ ਵਾਤਾਵਰਣ ਨੂੰ ਅਸ਼ੁਧ ਕਰਨ ਵਾਲੀਆਂ ਰਸਾਇਣਕ ਕ੍ਰਿਆਵਾਂ ਵਿਚ ਅਥਾਹ ਵਾਧਾ ਹੈ। ਇਸ ਸਭ ਦੇ ਬਾਵਜੂਦ ਕੁਦਰਤ ਆਪਣੀ ਮਹਾਨਤਾ ਬਰਕਰਾਰ ਰੱਖਦੀ ਹੈ ਅਤੇ ਸਮੇਂ ਦੇ ਥੋੜ੍ਹੇ ਹੇਰ ਫੇਰ ਨਾਲ ਸਾਵਨ ਭਾਦੋਂ ਦੇ ਮਹੀਨੇ ਸੜ ਤਪ ਰਹੀ ਬਨਸਪਤੀ, ਫਸਲਾਂ ਅਤੇ ਮਨੁੱਖਤਾ ਨੂੰ ਵਰਖਾ ਰਾਹੀਂ ਨਿਹਾਲ ਕਰ ਹੀ ਦਿੰਦੀ ਹੈ।



ਗੁਰਬਾਣੀ ਵਿਚ ਸਾਵਣ ਦੇ ਮਹੀਨੇ ਦੀ ਵਿਸ਼ੇਸ਼ਤਾ ਖਾਸ ਤੌਰ 'ਤੇ ਬਿਆਨ ਹੋਈ ਹੈ। ਬਾਰਾਮਾਂਹ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ-

ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਿਨ ਸਭੇ ਛਾਰ ॥
ਹਰ ਅਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੁ ਪੀਵਨਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸਮੂੰਖ ਪੁਰਖ ਅਪਾਰੁ ॥
ਹਰ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜੀਨੀ ਸਖੀਐ ਪ੍ਰਭੁ ਪਾਇਆ ਹਉ ਤਿਨ ਕੈ ਸਦਿ ਬਲਿਹਾਰ ॥
ਨਾਨਕ ਹਰਿ ਜੀ ਪਾਇਆ ਕਰ ਸਬਦਿ ਸਵਾਰਣਹਾਰੁ ॥
ਸਾਵਨ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥

ਗੁਰੂ ਨਾਨਕ ਸਾਹਿਬ ਨੇ ਰਾਗ ਵਡਹੰਸ ਵਿਚ ਉਚਾਰਨ ਕੀਤਾ ਹੈ-

ਮੋਰੀ ਰੁਣ ਝੁਨ ਲਾਇਆ ਭੈਣੇ ਸਾਵਣ ਆਇਆ ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਾ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੋ ਕੁਰਬਾਣੋ ॥
ਜਾ ਤੂ ਤਾ ਮੈ ਮਾਣ ਕੀ ਆਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥
ਆਉ ਸੁਭਾਗੀ ਨੀਂਦੜੀਏ ਮਤੁ ਸਹੁ ਦੇਖਾ ਸੋਇ ॥
ਤੈ ਸਾਹਿਬ ਕੀ ਬਾਤ ਜਿ ਆਖੇ ਕਹੁ ਨਾਨਕ ਕਿਆ ਤੀਜੈ ॥
ਸੀਸ ਵਢੇ ਕਰ ਬੈਸਣੁ ਦੀਜੈ ਵਿਣ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਤੀਜੈ ਜਾ ਸਹੁ ਭਇਆ ਵਿਡਾਣਾ ॥

ਪੰਜਾਬ, ਗੁਰੂਆਂ ਪੀਰਾਂ ਦੀ, ਮੇਲਿਆਂ ਤਿਉਹਾਰਾਂ ਦੀ, ਕੁਦਰਤੀ ਨਿਆਮਤਾਂ ਨਾਲ ਭਰੀ, ਪੰਜਾਂ ਦਰਿਆਵਾਂ ਦੇ ਵਹਿਣਾਂ ਦੇ ਨਜ਼ਾਰਿਆਂ ਨਾਲ ਲਬਰੇਜ ਧਰਤੀ ਦਾ ਨਾਮ ਹੈ। ਹਰ ਸਮੇਂ ਨਾਲ, ਹਰ ਰੁੱਤ ਨਾਲ, ਦੁੱਖ ਨਾਲ ਸੁਖ ਨਾਲ, ਜੁੜੇ ਤਿਉਹਾਰਾਂ ਮੇਲਿਆਂ ਦੀ ਭਰਮਾਰ ਵਾਲੀ ਧਰਤੀ ਦਾ ਨਾਮ ਪੰਜਾਬ ਹੈ। ਹਰ ਰੁੱਤ ਦੇ ਆਪਣੇ ਤਿਉਹਾਰ ਮੇਲੇ ਹਨ। ਸਾਉਣ ਦੇ ਮਹੀਨੇ ਵਿਚ ਮਾਲਵੇ ਦੇ ਇਲਾਕੇ ਵਿਚ ਤੀਆਂ ਅਤੇ ਦੁਆਬੇ ਮਾਝੇ ਦੇ ਕੁਝ ਹਿੱਸੇ ਵਿਚ ਸਾਵੇਂ ਮਨਾਏ ਜਾਂਦੇ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਵਨ ਦੇ ਮਹੀਨੇ ਵਿਚ ਪੇਕੇ ਪਿੰਡ ਜੁੜਦੀਆਂ ਹਨ ਤੇ ਹੋਰ ਜਵਾਨ ਮੁਟਿਆਰਾਂ ਨਾਲ ਤੀਆਂ ਜਾਂ ਸਾਵਿਆਂ ਦਾ ਤਿਉਹਾਰ ਮਨਾਉਂਦੀਆਂ ਹਨ। ਨਵੀਂ ਵਿਆਹੀ ਮੁਟਿਆਰ ਦਾ ਇਸ ਮਹੀਨੇ ਪੇਕੇ ਪਿੰਡ ਜ਼ਰੂਰੀ ਆਉਣ ਦੇ ਪਿੱਛੇ ਮਿੱਥ ਜੋੜ ਲਈ ਗਈ ਕਿ ਸ਼ਾਦੀ ਤੋਂ ਬਾਅਦ ਪਹਿਲੇ ਸਾਵਨ ਦੇ ਮਹੀਨੇ ਵਿਚ ਸੱਸ ਅਤੇ ਨੂੰਹ ਦਾ ਆਪਸੀ ਮੱਥੇ ਲੱਗਣਾ ਸੱਸ ਤੇ ਭਾਰੂ ਹੁੰਦਾ ਹੈ। ਸ਼ਾਇਦ ਇਹ ਸੱਸ 'ਤੇ ਭਾਰੂ ਹੋਣਾ ਮਿਥਣਾ ਹੀ ਨਵੀਂ ਵਿਆਹੀ ਮੁਟਿਆਰ ਨੂੰ ਬਾਕੀ ਸਹੇਲੀਆਂ ਨਾਲ ਖੁਸ਼ੀਆਂ ਨਾਲ ਭਰੇ ਇਸ ਤਿਉਹਾਰ ਨੂੰ ਮਨਾਉਣ ਦੀ ਖੁਸ਼ੀ

ਲੈਣ ਦੇ ਕਾਬਲ ਕਰਨ ਲਈ ਜ਼ਰੂਰੀ ਸੀ। ਜੇਕਰ ਇਹ ਭਾਰ ਕਿਸੇ ਹੋਰ ਤੇ ਹੁੰਦਾ ਤਾਂ ਸ਼ਾਇਦ ਕਈ ਸੱਸਾਂ ਨਵੀਆਂ ਨੂੰਹਾਂ ਨੂੰ ਪੂਰੇ ਮਹੀਨੇ ਭਰ ਲਈ ਪੇਕੇ ਤੋਰਨ ਤੋਂ ਗੁਰੇਜ ਵੀ ਕਰ ਲੈਂਦੀਆਂ।

ਪੇਕੇ ਗਈ ਨਵੀਂ ਨੂੰਹ ਦੇ ਪਿੱਛੇ ਸਹੁਰੇ ਪਰਿਵਾਰ ਵਿਚੋਂ ਨਨਦ, ਦਿਉਰ ਜਾਂ ਜੇਠਾਣੀ ਤੀਆਂ ਜਾਂ ਸਾਵਿਆਂ ਦਾ ਸਮਾਨ ਲੈ ਕੇ ਨੂੰਹ ਦੇ ਪੇਕੇ ਪਿੰਡ ਜਾਂਦੇ। ਸਮਾਨ ਵਿਚ ਮੁਟਿਆਰ ਲਈ ਸੂਟ, ਫੁਲਕਾਰੀ, ਸ਼ਿੰਗਾਰ ਦਾ ਸਮਾਨ, ਸੁੱਕੇ ਮੇਵਿਆਂ ਤੋਂ ਇਲਾਵਾ ਪੀਂਘ ਦਾ ਰੱਸਾ ਵੀ ਦੇਣ ਦਾ ਰਿਵਾਜ਼ ਸੀ। ਪਿੰਡ ਦੇ ਬੋਹੜ, ਪਿੱਪਲ, ਟਾਹਲੀ ਜਾਂ ਕਿੱਕਰ ਦੇ ਵੱਡੇ ਰੁੱਖ ਤੇ ਪੀਂਘ ਪਾਈ ਜਾਂਦੀ। ਮੁਟਿਆਰਾਂ ਸਾਰਾ ਸਾਰਾ ਦਿਨ ਪੀਂਘ ਝੂਟਦੀਆਂ, ਸਾਹਮਣੇ ਟਾਹਣ ਦਾ ਪੱਤਾ ਤੋੜ ਕੇ ਲਿਆਉਣ ਲਈ ਜ਼ੋਰ ਲੱਗਦੇ। ਇਕੱਠੀਆਂ ਹੋਈਆਂ ਮੁਟਿਆਰਾਂ ਤੀਆਂ ਜਾਂ ਸਾਵੇ ਮਨਾਉਂਦੀਆਂ ਹੱਸ ਹੱਸ ਦੂਹਰੀਆਂ ਹੋ ਕੇ ਗਿੱਧੇ ਦੀਆਂ ਬੋਲੀਆਂ ਪਾਉਂਦੀਆਂ ਧਮਾਲਾਂ ਪਾਉਂਦੀਆਂ –

ਤੀਆਂ ਲੱਗੀਆਂ ਪਿੱਪਲ ਦੀ ਛਾਵੇਂ
ਨੀ ਕਾਹਲੀ ਕਾਹਲੀ ਪੈਰ ਪੱਟ ਲੈ ॥

ਮੁਟਿਆਰਾਂ ਬੋਲੀਆਂ ਰਾਹੀਂ ਆਪਣੇ ਮਾਹੀ ਨੂੰ ਵੀ ਯਾਦ ਕਰਦੀਆਂ–

ਰਲ ਆਓ ਸਈਓ ਨੀ ਸਭ ਤੀਆਂ ਖੇਡਣ ਜਾਈਏ
ਹੁਣ ਆਇਆ ਸਾਵਨ ਨੀ ਪੀਘਾਂ ਪਿਪਲੀ ਜਾ ਕੇ ਪਾਈਏ
ਪਈ ਕੂ ਕੂ ਕਰਦੀ ਨੀ ਸਈਓ ਕੋਇਲ ਹੰਝੂ ਡੋਲੇ
ਪਪੀਹਾ ਵੇਖੇ ਨੀ ਭੈੜਾ ਪੀ ਪੀ ਕਰ ਕੇ ਬੋਲੇ
ਪਏ ਪੈਲਾਂ ਪਾਉਂਦੇ ਨੀ ਬਾਗੀ ਮੋਰ ਸੋਰ ਮਚਾਇਆ
ਅੜੀਓ ਖਿੜ ਖਿੜ ਫੁੱਲਾਂ ਨੇ, ਸਾਨੂੰ ਮਾਹੀਆ ਯਾਦ ਕਰਾਇਆ।

ਨਵੀਆਂ ਵਿਆਹੀਆਂ ਮੁਟਿਆਰਾਂ ਦੇ ਨਾਲ ਪਿੰਡ ਦੀਆਂ ਨੌਜਵਾਨ ਨੱਢੀਆਂ ਤੇ ਬਾਕੀ ਔਰਤਾਂ ਨੇ ਰਲ ਕੇ ਬੋਲੀਆਂ ਚੁੱਕਣੀਆਂ ਤੇ ਗਿੱਧੇ ਨੂੰ ਸਿਖਰਾਂ ਤੇ ਲੈ ਜਾਣਾ।

ਸਾਉਣ ਮਹੀਨਾ ਚੜ ਚੜ ਆਵੇ
ਸਭੇ ਸਹੇਲੀਆਂ ਆਈਆਂ
ਸੰਤੋ ਬੰਤੋ ਹੋਈਆਂ ਕੱਠੀਆਂ
ਵੱਡੇ ਘਰਾਂ ਦੀਆਂ ਜਾਈਆਂ
ਗਿੱਧਾ ਪਾ ਰਹੀਆਂ
ਨਨਦਾਂ ਤੇ ਭਰਜਾਈਆਂ।

ਪੰਜਾਬੀ ਸਾਹਿਤ ਵਿਚ ਕਵੀਆਂ ਸ਼ਾਇਰਾਂ ਨੇ ਵੀ ਇਸ ਸਮੇਂ ਨੂੰ ਕਥਨ ਬੰਦ ਕੀਤਾ ਹੈ। ਪ੍ਰਸਿੱਧ ਪੰਜਾਬੀ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਸਾਵਨ ਵਿਚ ਲਿਖਿਆ ਹੈ–

ਪੇਕੀਂ ਬੈਠੀਆਂ ਤਾਈਂ ਦਿਹਾਰ ਆਏ
ਤੇ ਸ਼ਿੰਗਾਰ ਲਾਏ ਸਹੁਰੀ ਆਈਆਂ ਨੇ
ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ
ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ
ਖੀਰਾਂ ਰਿੱਝੀਆਂ ਪੂੜਿਆ ਡੰਝ ਲਾਹੀ
ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ
ਗਿੱਧੇ ਵੱਜਦੇ ਕਿਲਕਿਲੀ ਮੱਚਦੀ ਏ
ਘਟਾ ਕਾਲੀਆਂ ਵੇਖ ਕੇ ਛਾਈਆਂ ਨੇ
ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ.

ਸਾਉਣ ਮਾਂਹ ਦੇ ਸੋਹਲੇ ਗਾਂਵਦੇ ਨੇ।

ਬਚਪਨ ਵਿਚ ਜੋ ਅਸੀਂ ਸਾਉਣ ਮਹੀਨੇ ਦੀਆਂ ਲੰਮੀਆਂ ਝੜੀਆਂ ਵੇਖੀਆਂ ਹਨ। ਉਹ ਹੁਣ ਕਿਤੇ ਅਲੋਪ ਹੋ ਗਈਆਂ ਨੇ। ਇਕ ਵਾਰ ਵਰਖਾ ਸ਼ੁਰੂ ਹੋ ਜਾਂਦੀ ਤਾਂ ਪੰਜ-ਪੰਜ, ਸੱਤ-ਸੱਤ ਦਿਨ ਲਗਾਤਾਰ ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹੀ ਜਾਂਦਾ। ਕਦੇ ਤੇਜ਼ ਵਰਖਾ ਤੇ ਕਦੀ ਮੱਠੀ ਮੱਠੀ ਪਰ ਲਗਾਤਾਰ ਲੱਗੀ ਰਹਿੰਦੀ। ਪਿੰਡ ਵਿਚ ਕੱਚੀ ਮਿੱਟੀ ਦੇ ਘਰਾਂ ਨੂੰ ਘਰਾਂ ਦੀਆਂ ਚਾਰ ਦੀਵਾਰੀ ਦੀਆਂ ਕੱਚੀਆਂ ਕੰਧਾਂ ਨੂੰ ਮਿੱਟੀ ਤੇ ਤੂੜੀ ਰਲਾ ਕੇ ਬਾਹਰੋਂ ਔਰਤਾਂ ਨੇ ਜੇਠ ਹਾੜ ਦੇ ਮਹੀਨੇ ਲੇਪ ਦੇ ਕੇ ਮਜ਼ਬੂਤ ਤੇ ਸਾਫ਼ ਕਰ ਲੈਣੀਆਂ। ਝੜੀਆਂ ਦੇ ਤੀਜੇ ਚੌਥੇ ਦਿਨ ਦਿੱਤੇ ਮਿੱਟੀ ਦੇ ਲੇਪ ਵਿਚ ਪਾਣੀ ਨਾਲ ਤਰੇੜਾ ਪੈ ਜਾਣੀਆਂ ਤੇ ਜੋ ਲੰਮੀ ਝੜੀ ਲੱਗਣ ਤੇ ਇਹ ਲੇਪ ਵੱਡੇ-ਵੱਡੇ ਟੁਕੜਿਆਂ ਦੀ ਸ਼ਕਲ ਵਿਚ ਧੜੱਮ ਕਰਦੇ ਥੱਲੇ ਡਿੱਗ ਜਾਣੇ। ਕਿਸੇ ਮਾੜੀ ਕੰਧ ਦਾ ਉਲਾਰ ਵੱਧਦਾ ਵੇਖ ਕੇ ਗਲੀਆਂ ਵਿਚ ਵਰਖਾ ਦੇ ਪਾਣੀ ਵਿਚ ਖੇਡਦੇ ਜਵਾਕਾਂ ਨੇ "ਇਹ ਉਹ ਗ ਈਆ ਗਈ ਆ, ਗਈ ਆ," ਕਰਦੇ ਧੜੱਮ ਨਾਲ ਡਿੱਗਦੀ ਕੰਧ ਤੇ ਹੱਸ ਹੱਸ ਦੂਹਰੇ ਹੋਈ ਜਾਣਾ ਤੇ ਉਧਰ ਘਰ ਦੀਆਂ ਔਰਤਾਂ ਵੱਲੋਂ ਡਿੱਗੇ ਲੇਪ ਜਾਂ ਕੰਧ ਦੀ ਮਿੱਟੀ ਰੁੜਣ ਤੋਂ ਬਚਾਉਣ ਲਈ ਫਟਾ ਫੱਟ ਕਹੀਆਂ ਬਾਟੇ ਲੈ ਕੇ ਵਰ੍ਹਦੇ ਥੱਦਲ ਵਿਚ ਮਿੱਟੀ ਸੰਭਾਲਣ ਦੇ ਨਜ਼ਾਰੇ ਆਮ ਹੁੰਦੇ ਸਨ। ਖੇਤੀ ਪ੍ਰਧਾਨ ਪੇਂਡੂ ਜੀਵਨ ਨੇ ਝੋਨੇ ਦੀ ਫਸਲ ਲਈ ਆਈ ਵਰਖਾ ਦਾ ਮਨੋ ਸਤਿਕਾਰ ਵੀ ਕਰਨਾ ਪ੍ਰੰਤੂ ਲੰਮੀ ਝੜੀ ਲੱਗਣ ਤੇ ਪਸ਼ੂਆਂ ਦਾ ਚਾਰਾ, ਚੁੱਲ੍ਹਾ ਬਾਲਣ ਲਈ ਸੁੱਕਾ ਬਾਲਣ ਅਤੇ ਮਾੜੀਆਂ ਕੰਧਾਂ ਕੋਠੇ ਡਿੱਗਣ ਦੀਆਂ ਪ੍ਰੇਸ਼ਾਨੀਆਂ ਵੀ ਝੱਲਣੀਆਂ। ਅੱਜ ਦੇ ਬਚਪਨ ਨੇ ਉਹ ਝੜੀਆਂ ਨਹੀਂ ਵੇਖੀਆਂ। ਵਾਤਾਵਰਣ ਦੀਆਂ ਤਬਦੀਲੀਆਂ ਕਾਰਨ ਝੱਟ ਫੜੱਕੇ ਵਾਲਾ ਥੱਦਲ ਹੀ ਹੁਣ ਵੇਖਣ ਨੂੰ ਮਿਲਦਾ ਹੈ ਜਿਸ ਦਾ ਖੇਤਰ ਅਧਾਰ ਵੀ ਬਹੁਤ ਘੱਟ ਹੁੰਦਾ ਹੈ। ਹੁਣ ਲੰਮੀਆਂ ਝੜੀਆਂ ਵੇਖਣ ਨੂੰ ਨਹੀਂ ਮਿਲਦੀਆਂ।

ਤੀਆਂ ਸਾਵਿਆਂ ਦੇ ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਨੂੰ ਦਿਖਾਉਂਦੇ ਇਹ ਤਿਉਹਾਰ ਵੀ ਹੁਣ ਹੋਰ ਪੇਂਡੂ ਤਿਉਹਾਰਾਂ ਅਤੇ ਖੁਸ਼ੀਆਂ ਸਾਂਝੀਆਂ ਮਨਾਉਣ ਦੇ ਰਿਵਾਜ਼ ਹੁਣ ਘੱਟਦੇ ਜਾ ਰਹੇ ਹਨ। ਘੱਟਦੇ ਹੀ ਨਹੀਂ ਸਗੋਂ ਅਲੋਪ ਹੋਈ ਜਾ ਰਹੇ ਹਨ।

ਇਹ ਤਿਉਹਾਰ ਅਤੇ ਖੁਸ਼ੀਆਂ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿਚ ਨਹੀਂ ਦੇ ਰਹੇ। ਹੁਣ ਤਾਂ ਕਿਤੇ ਕਿਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਸਟੇਜਾਂ ਤੇ ਹੀ ਇਹ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ ਅਤੇ ਲੱਗਦਾ ਹੈ ਕਿ ਉਥੇ ਵੀ ਇਹ ਬਹੁਤ ਲੰਮੇ ਸਮੇਂ ਨਹੀਂ ਚੱਲਣਗੀਆਂ। ਸਾਡੇ ਸੱਭਿਆਚਾਰ ਉਤੇ ਹੁਣ ਪੱਛਮੀ ਪ੍ਰਭਾਵ ਬਹੁਤ ਜ਼ਿਆਦਾ ਭਾਰੂ ਹੋ ਰਿਹਾ ਹੈ। ਰੈਪ ਦਾ ਜ਼ਮਾਨਾ ਹੈ।

ਲੋੜ ਹੈ, ਆਪਣੇ ਅਮੀਰ ਵਿਰਸੇ ਨੂੰ ਕਾਇਮ ਰੱਖਿਆ ਜਾਵੇ। ਕੁਦਰਤ ਦੀਆਂ ਨਿਆਮਤਾਂ ਨੂੰ ਖੁਸ਼ ਹੋ ਕੇ ਮਨਾਉਣਾ, ਆਪਣੇ ਜੀਵਨ ਨਾਲ ਜੋੜ ਕੇ ਰੱਖਣਾ, ਕੁਦਰਤ ਦਾ ਧੰਨਵਾਦ ਕਰਨਾ ਹੀ ਹੈ। ਉਸ ਧੰਨਵਾਦ ਤੇ, ਉਹ ਪਰਮ ਪਿਤਾ ਪ੍ਰਮਾਤਮਾ ਵੀ ਖੁਸ਼ ਹੁੰਦਾ ਹੈ। ਫਿਰ ਝੜੀਆਂ ਵੀ ਲੱਗਦੀਆਂ ਹਨ ਤੇ ਖੁਸ਼ੀਆਂ ਖੇੜਿਆਂ ਵਿਚ ਅਥਾਹ ਵਾਧਾ ਹੁੰਦਾ ਹੈ।

ਸ਼ੁਧ ਵਾਤਾਵਰਣ ਵਿਚ ਜਿਉਣ ਲਈ ਅਗਲੀਆਂ ਪੀੜ੍ਹੀਆਂ ਨੂੰ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਮੌਕੇ ਪ੍ਰਦਾਨ ਕਰਨ ਲਈ ਇਹ ਸਭ ਕੁਝ ਕਾਇਮ ਰੱਖਣ ਲਈ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।

ਪ੍ਰੋ. (ਡਾ.) ਅਜੀਤ ਸਿੰਘ : ਉੱਚ ਸਿੱਖਿਆ ਦੇ ਖੇਤਰ ਵਿੱਚ ਦੂਰਅੰਦੇਸ਼ੀ ਅਗਵਾਈ ਦਾ ਪ੍ਰਤੀਕ

ਪ੍ਰੋ. (ਡਾ.) ਅਜੀਤ ਸਿੰਘ ਇਸ ਸਮੇਂ ਸੰਸਕਾਰਮ ਯੂਨੀਵਰਸਿਟੀ, ਝੱਜਰ (ਹਰਿਆਣਾ) ਦੇ ਕੁਲਪਤੀ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਹ ਯੂਨੀਵਰਸਿਟੀ ਨੂੰ ਅਕਾਦਮਿਕ ਉਤਕ੍ਰਿਸ਼ਟਤਾ ਅਤੇ ਵਿਸਵ ਪੱਧਰ 'ਤੇ ਇੱਕ ਨਵੀਂ ਪਛਾਣ ਦਿਵਾਉਣ ਦੇ ਸੰਕਲਪ ਨਾਲ ਨਿਰੰਤਰ ਯਤਨਸ਼ੀਲ ਹਨ।

ਪ੍ਰੋ. ਅਜੀਤ ਸਿੰਘ ਨੂੰ ਹਰਿਆਣਾ ਸਰਕਾਰ ਦੇ ਉੱਚ ਸਿੱਖਿਆ ਨਿਰਦੇਸ਼ਾਲੇ ਵਿੱਚ ਜੁਆਇੰਟ ਡਾਇਰੈਕਟਰ ਵਜੋਂ ਕੰਮ ਕਰਨ ਦਾ ਵਿਸਾਲ ਪ੍ਰਸ਼ਾਸਨਿਕ ਤਜ਼ਰਬਾ ਹੈ। ਆਪਣੇ ਕਰੀਅਰ ਦੌਰਾਨ ਉਨ੍ਹਾਂ ਨੇ ਕਈ ਮਹੱਤਵਪੂਰਨ ਲੀਡਰਸ਼ਿਪ ਜ਼ਿੰਮੇਵਾਰੀਆਂ ਨਿਭਾਈਆਂ ਹਨ। ਰਾਜ ਸਰਕਾਰ ਦੇ ਨਾਮਜਦ ਪ੍ਰਤੀਨਿਧੀ ਵਜੋਂ ਉਹ ਕਈ ਰਾਜ ਅਤੇ ਨਿੱਜੀ ਯੂਨੀਵਰਸਿਟੀਆਂ ਦੀਆਂ ਕਾਰਜਕਾਰੀ ਕਮੇਟੀਆਂ ਅਤੇ ਗਵਰਨਿੰਗ ਬਾਡੀਆਂ ਦੇ ਮੈਂਬਰ ਰਹੇ ਹਨ ਅਤੇ ਉੱਚ ਸਿੱਖਿਆ ਸੰਸਥਾਵਾਂ ਦੇ ਵਿਕਾਸ ਵਿੱਚ ਉਨ੍ਹਾਂ ਦਾ ਯੋਗਦਾਨ ਵਿਸ਼ੇਸ਼ ਤੌਰ 'ਤੇ ਸ਼ਲਾਘਾਯੋਗ ਰਿਹਾ ਹੈ। ਉੱਚ ਸਿੱਖਿਆ ਨਾਲ ਸੰਬੰਧਿਤ ਨਿਯਮਾਂ ਅਤੇ ਨੀਤੀਆਂ ਦੇ ਨਿਰਮਾਣ ਵਿੱਚ ਵੀ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ ਹੈ।



ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਕਾਮਰਸ ਵਿਸੇ ਵਿੱਚ ਪੀ.ਐੱਚ.ਡੀ. ਪ੍ਰਾਪਤ ਪ੍ਰੋ. ਸਿੰਘ ਦਾ ਅਕਾਦਮਿਕ ਰਿਕਾਰਡ ਬੇਹੱਦ ਸ਼ਾਨਦਾਰ ਰਿਹਾ ਹੈ। ਉਨ੍ਹਾਂ ਦੀ ਵਿਦਵਤਾ ਅਤੇ ਅਕਾਦਮਿਕ ਉਤਕ੍ਰਿਸ਼ਟਤਾ ਨੇ ਉਨ੍ਹਾਂ ਨੂੰ ਸਿੱਖਿਆ ਜਗਤ ਵਿੱਚ ਵਿਸ਼ੇਸ਼ ਮਾਣ-ਸਨਮਾਨ ਦਿਵਾਇਆ ਹੈ। ਉਨ੍ਹਾਂ ਦਾ ਜਨਮ ਪਿਹੋਵਾ ਤਹਿਸੀਲ ਦੇ ਪਿੰਡ ਝੀਵਰੇੜੀ ਵਿੱਚ ਹੋਇਆ ਅਤੇ ਉਨ੍ਹਾਂ ਨੇ ਆਪਣੀ ਗ੍ਰੈਜੂਏਸ਼ਨ ਵੀ ਪਿਹੋਵਾ ਤੋਂ ਕਾਮਰਸ ਵਿਸੇ ਵਿੱਚ ਪੂਰੀ ਕੀਤੀ।

ਤਿੰਨ ਦਹਾਕਿਆਂ ਤੋਂ ਵੱਧ ਦੇ ਅਧਿਆਪਨ ਅਤੇ ਪ੍ਰਸ਼ਾਸਨਿਕ ਤਜ਼ਰਬੇ ਨਾਲ ਪ੍ਰੋ. ਸਿੰਘ ਨੇ ਡੀ.ਏ.ਵੀ. ਕਾਲਜ, ਚੀਕਾ (ਕੈਥਲ), ਗੁਰੂ ਨਾਨਕ ਖਾਲਸਾ ਕਾਲਜ, ਕਰਨਾਲ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਕਾਲਜ, ਪੰਜੋਖਰਾ ਸਾਹਿਬ (ਅੰਬਾਲਾ), ਸਰਕਾਰੀ ਕਾਲਜ, ਬਰਵਾਲਾ (ਪੰਚਕੂਲਾ) ਅਤੇ ਸਰਕਾਰੀ ਪੋਸਟ ਗ੍ਰੈਜੂਏਟ ਕਾਲਜ, ਅੰਬਾਲਾ ਕੈਂਟ ਵਿੱਚ ਕਾਮਰਸ ਵਿਸ਼ੇ ਦਾ ਅਧਿਆਪਨ ਕੀਤਾ ਹੈ।

ਅਧਿਆਪਨ ਦੇ ਨਾਲ-ਨਾਲ ਉਹ ਇੱਕ ਉੱਤਮ ਲੇਖਕ ਅਤੇ ਖੋਜਕਾਰ ਵੀ ਹਨ। ਉਨ੍ਹਾਂ ਦੀਆਂ ਇੱਕ ਦਰਜਨ ਤੋਂ ਵੱਧ ਪੁਸਤਕਾਂ ਅਤੇ ਅਨੇਕਾਂ ਖੋਜ-ਪੱਤਰ ਪ੍ਰਸਿੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਨੇ ਯੂ.ਜੀ.ਸੀ., ਨਵੀਂ ਦਿੱਲੀ ਵੱਲੋਂ ਪ੍ਰਾਯੋਜਿਤ ਇੱਕ ਮਹੱਤਵਪੂਰਨ ਖੋਜ ਪ੍ਰੋਜੈਕਟ ਵੀ ਸਫਲਤਾਪੂਰਵਕ ਪੂਰਾ ਕੀਤਾ ਹੈ। ਇਸ ਤੋਂ ਇਲਾਵਾ ਉਹ ਅਮਰੀਕਾ, ਕਰੋਏਸੀਆ ਅਤੇ ਥਾਈਲੈਂਡ ਸਮੇਤ 50 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਆਪਣੇ ਖੋਜ-ਪੱਤਰ ਪੇਸ਼ ਕਰ ਚੁੱਕੇ ਹਨ। ਉਨ੍ਹਾਂ ਨੇ EDUSAT ਪ੍ਰੋਜੈਕਟ ਦੇ ਨੋਡਲ ਅਧਿਕਾਰੀ ਵਜੋਂ ਵੀ ਮਹੱਤਵਪੂਰਨ ਸੇਵਾਵਾਂ ਨਿਭਾਈਆਂ ਹਨ।

ਐਨ.ਸੀ.ਸੀ. ਵਿੱਚ ਕਮਿਸ਼ਨ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨੇ ਵੀਹ ਸਾਲ ਤੋਂ ਵੱਧ ਸਮੇਂ ਤੱਕ ਐਨ.ਸੀ.ਸੀ. ਅਧਿਕਾਰੀ ਵਜੋਂ ਸੇਵਾ ਨਿਭਾਈ। ਉਹ ਇੰਡੀਅਨ ਕਾਮਰਸ ਐਸੋਸੀਏਸ਼ਨ ਦੇ ਆਜੀਵਨ ਮੈਂਬਰ ਹਨ ਅਤੇ ਉੱਚ ਸਿੱਖਿਆ ਅਤੇ ਯੂਥ ਵੈਲਫੇਅਰ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਵਿਸ਼ੇਸ਼ ਸੇਵਾਵਾਂ ਲਈ ਕਈ ਸਨਮਾਨ ਅਤੇ ਪੁਰਸਕਾਰਾਂ ਨਾਲ ਨਿਵਾਜੇ ਜਾ ਚੁੱਕੇ ਹਨ।

ਕੁਲਪਤੀ ਪ੍ਰੋ. ਅਜੀਤ ਸਿੰਘ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਵਿਕਸਿਤ ਭਾਰਤ 2047 ਅਤੇ ਰਾਸ਼ਟਰੀ ਸਿੱਖਿਆ ਨੀਤੀ (NEP-2020) ਦੇ ਵਿਜਨ ਅਨੁਸਾਰ ਯੂਨੀਵਰਸਿਟੀ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਨਿਰੰਤਰ ਯਤਨ ਕੀਤੇ ਜਾਣਗੇ। ਉਨ੍ਹਾਂ ਨੇ ਗੁਣਵੱਤਾਪੂਰਨ ਸਿੱਖਿਆ, ਖੋਜ ਨੂੰ ਉਤਸਾਹਿਤ ਕਰਨ, ਸਮਾਵੇਸੀ ਅਕਾਦਮਿਕ ਵਾਤਾਵਰਣ, ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਅਧਿਆਪਕਾਂ ਦੇ ਪੇਸ਼ੇਵਰ ਉੱਨਤੀ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਪ੍ਰਸ਼ਾਸਨਿਕ ਪਾਰਦਰਸ਼ਤਾ, ਡਿਜ਼ੀਟਲ ਨਵੀਨਤਾ ਅਤੇ ਉਦਯੋਗ-ਅਕਾਦਮਿਕ ਸਹਿਯੋਗ ਨੂੰ ਹੋਰ ਮਜਬੂਤ ਕੀਤਾ ਜਾਵੇਗਾ, ਤਾਂ ਜੋ ਵਿਦਿਆਰਥੀਆਂ ਨੂੰ ਰੋਜਗਾਰ-ਕੇਂਦਰਿਤ ਸਿੱਖਿਆ ਪ੍ਰਾਪਤ ਹੋ ਸਕੇ ਅਤੇ ਯੂਨੀਵਰਸਿਟੀ ਰਾਸ਼ਟਰੀ ਹੀ ਨਹੀਂ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਆਪਣੀ ਮਜਬੂਤ ਪਛਾਣ ਸਥਾਪਿਤ ਕਰ ਸਕੇ।

ਪ੍ਰੋ. ਸਿੰਘ ਦਾ ਮੰਨਣਾ ਹੈ ਕਿ ਸੰਸਾਰ ਵਿੱਚ ਸਭ ਤੋਂ ਵੱਧ ਨੌਜਵਾਨ ਭਾਰਤ ਵਿੱਚ ਹਨ ਅਤੇ ਇਸ ਵਿਸ਼ਾਲ ਨੌਜਵਾਨ ਸ਼ਕਤੀ ਨੂੰ ਕੀਮਤੀ ਮਨੁੱਖੀ ਸੰਪਦਾ ਵਿੱਚ ਬਦਲਣ ਲਈ ਸਿੱਖਿਆ ਰਾਹੀਂ ਉਨ੍ਹਾਂ ਦਾ ਸਰਵਾਂਗੀਣ ਵਿਕਾਸ ਬਹੁਤ ਜ਼ਰੂਰੀ ਹੈ।


ਲੁਬਾਣਾ ਭਾਈਚਾਰਾ ਪ੍ਰੋਫੈਸਰ ਅਜੀਤ ਸਿੰਘ ਜੀ ਦੀਆਂ ਵਿਲੱਖਣ ਪ੍ਰਾਪਤੀਆਂ ਅਤੇ ਉਨ੍ਹਾਂ ਵੱਲੋਂ ਆਪਣੇ ਜੀਵਨ ਵਿੱਚ ਹਾਸਲ ਕੀਤੀਆਂ ਉੱਚੀਆਂ ਬੁਲੰਦੀਆਂ 'ਤੇ ਮਾਣ ਮਹਿਸੂਸ ਕਰਦਾ ਹੈ। ਆਪਣੀ ਅਥਾਹ ਮਿਹਨਤ, ਦ੍ਰਿੜ੍ਹ ਇਰਾਦੇ, ਵਿਦਵਤਾ ਅਤੇ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਸਦਕਾ ਉਨ੍ਹਾਂ ਨੇ ਨਾ ਸਿਰਫ ਆਪਣਾ, ਸਗੋਂ ਸਮੁੱਚੇ ਲੁਬਾਣਾ ਸਮਾਜ ਦਾ ਨਾਮ ਵੀ ਰੌਸ਼ਨ ਕੀਤਾ ਹੈ। ਉਨ੍ਹਾਂ ਦੀ ਸਫਲਤਾ ਹਰ ਨੌਜਵਾਨ ਲਈ ਇੱਕ ਪ੍ਰੇਰਣਾ ਹੈ ਕਿ ਲਗਨ, ਇਮਾਨਦਾਰੀ ਅਤੇ ਨਿਰੰਤਰ ਮਿਹਨਤ ਨਾਲ ਜੀਵਨ ਵਿੱਚ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ। ਲੁਬਾਣਾ ਭਾਈਚਾਰਾ ਉਨ੍ਹਾਂ ਦੀਆਂ ਉਪਲਬਧੀਆਂ 'ਤੇ ਮਾਣ ਕਰਦਾ ਹੈ ਅਤੇ ਉਨ੍ਹਾਂ ਦੇ ਚਮਕਦਾਰ ਭਵਿੱਖ ਲਈ ਦਿਲੋਂ ਸ਼ੁਭਕਾਮਨਾਵਾਂ ਪ੍ਰਗਟ ਕਰਦਾ ਹੈ।

ਅੰਗਦਾਨ ਅਤੇ ਖੇਡਾਂ ਦੇ ਖੇਤਰ ਵਿੱਚ ਲੁਬਾਣਾ ਭਾਈਚਾਰੇ ਦਾ ਮਾਣ
ਡਾ. ਜਸਕਰਨ ਸਿੰਘ ਮੁਲਤਾਨੀ ਅਤੇ ਸ੍ਰੀਮਤੀ ਨਿਰਮਲਜੀਤ ਕੌਰ





ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ ਵੱਲੋਂ ਇਸ ਸਾਲ ਡਾ. ਜਸਕਰਨ ਸਿੰਘ ਮੁਲਤਾਨੀ ਅਤੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਨਿਰਮਲਜੀਤ ਕੌਰ ਨੂੰ ਉਨ੍ਹਾਂ ਦੀਆਂ ਵਿਲੱਖਣ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਡਾ. ਜਸਕਰਨ ਸਿੰਘ ਮੁਲਤਾਨੀ, ਜੋ ਕਿ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਵਿੱਚ ਸੀਨੀਅਰ ਵੈਟਰਨਰੀ ਇੰਸਪੈਕਟਰ ਵਜੋਂ ਸੇਵਾ ਨਿਭਾ ਰਹੇ ਹਨ, ਨੇ ਆਪਣੀ ਧਰਮਪਤਨੀ, ਜੋ ਕਿ ਨੈਸ਼ਨਲ ਹੈਲਥ ਮਿਸ਼ਨ, ਪੰਜਾਬ ਅਧੀਨ ਕਮਿਊਨਿਟੀ ਹੈਲਥ ਅਫ਼ਸਰ (ਸੀ.ਐਚ.ਓ.) ਹਨ, ਨੂੰ ਜੀਵਨਦਾਨ ਦੇਣ ਲਈ ਫਰਵਰੀ 2022 ਵਿੱਚ ਆਪਣੀ ਇੱਕ ਕਿਡਨੀ ਦਾਨ



ਕੀਤੀ। ਇਸ ਸਫਲ ਟਰਾਂਸਪਲਾਂਟ ਤੋਂ ਬਾਅਦ ਦੋਵਾਂ ਨੇ ਅੰਗਦਾਨ ਪ੍ਰਤੀ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਅਤੇ ਖੇਡਾਂ ਰਾਹੀਂ ਲੋਕਾਂ ਨੂੰ ਪ੍ਰੇਰਿਤ ਕਰਨ ਦਾ ਸੰਕਲਪ ਲਿਆ।

ਅਗਸਤ 2025 ਵਿੱਚ ਜਰਮਨੀ ਦੇ ਡ੍ਰੇਸਡਨ ਸ਼ਹਿਰ ਵਿੱਚ ਹੋਈਆਂ ਵਰਲਡ ਟ੍ਰਾਂਸਪਲਾਂਟ ਗੇਮਜ 2025 ਵਿੱਚ ਡਾ. ਜਸਕਰਨ ਸਿੰਘ ਮੁਲਤਾਨੀ ਨੇ 100 ਮੀਟਰ ਦੌੜ, ਲੰਬੀ ਛਾਲ, ਡਾਰਟਸ ਅਤੇ ਬਾਲ-ਥਰੋ ਵਿੱਚ ਚਾਰ ਸੋਨ ਤਗਮੇ, 100 ਮੀਟਰ ਦੌੜ, ਲੰਬੀ ਛਾਲ ਅਤੇ ਬਾਲ-ਥਰੋ ਵਿੱਚ ਤਿੰਨ ਵਿਸ਼ਵ ਰਿਕਾਰਡ, ਇੱਕ ਚਾਂਦੀ ਦਾ ਤਗਮਾ (ਪੇਟਾਂਕ ਸਿੰਗਲਜ) ਅਤੇ ਆਊਟਸਟੈਂਡਿੰਗ ਡੋਨਰ ਐਥਲੀਟ ਅਵਾਰਡ 2025 ਹਾਸਲ ਕਰਕੇ ਦੇਸ਼ ਦਾ ਨਾਮ ਰੌਸ਼ਨ ਕੀਤਾ। ਸ੍ਰੀਮਤੀ



ਨਿਰਮਲਜੀਤ ਕੌਰ ਨੇ ਵੀ 3000 ਮੀਟਰ ਰੇਸ ਵਾਕ, ਵਾਲੀਬਾਲ, ਲੰਬੀ ਛਾਲ, ਡਿਸਕਸ-ਥਰੋ ਅਤੇ ਬਾਲ-ਥਰੋ ਮੁਕਾਬਲਿਆਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। 57 ਮੈਂਬਰੀ ਭਾਰਤੀ ਟੀਮ ਨੇ ਕੁੱਲ 63 ਤਗਮੇ ਜਿੱਤ ਕੇ ਇਤਿਹਾਸਕ ਸਫਲਤਾ ਹਾਸਲ ਕੀਤੀ। ਵਿਸ਼ੇਸ਼ ਮਾਣ ਵਾਲੀ ਗੱਲ ਇਹ ਹੈ ਕਿ ਪੰਜਾਬ ਤੋਂ ਭਾਰਤ ਦੀ ਨੁਮਾਇੰਦਗੀ ਕਰਨ ਵਾਲਾ ਇਹ ਇਕਲੌਤਾ ਜੋੜਾ ਸੀ। ਹੁਣ ਇਹ ਜੋੜਾ ਬੈਲਜੀਅਮ ਵਿੱਚ ਹੋਣ ਵਾਲਿਆਂ ਵਿਸ਼ਵ ਟਰਾਂਸਪਲਾਂਟ 2027 ਦੀਆਂ ਖੇਡਾਂ ਦਾ ਹਿੰਦੁਸਤਾਨ ਵਲੋਂ ਪ੍ਰਤੀਨਿਧਿਤਵ ਕਰਨ ਜਾ ਰਿਹਾ ਹੈ।



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸਨ, ਚੰਡੀਗੜ੍ਹ ਉਨ੍ਹਾਂ ਦੀ ਇਸ ਅਦੁੱਤੀ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦੀ ਹੈ ਅਤੇ ਕਾਮਨਾ ਕਰਦੀ ਹੈ ਕਿ ਉਨ੍ਹਾਂ ਦੀ ਪ੍ਰੇਰਨਾਦਾਇਕ ਯਾਤਰਾ ਸਮਾਜ ਨੂੰ ਅੰਗਦਾਨ ਅਤੇ ਤੰਦਰੁਸਤ ਜੀਵਨ ਪ੍ਰਤੀ ਹੋਰ ਜਾਗਰੂਕ ਕਰੇ।



ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

ਹੋਰ ਦੇਸੀ ਮਹੀਨਿਆਂ ਦਾ ਮਹੱਤਵ

ਜਰਨੈਲ ਸਿੰਘ ਮੱਖਣ
ਫ਼ੋਨ - 94174-03359

ਦੇਸੀ ਕੈਲੰਡਰ ਦੇ ਸਾਰੇ ਹੀ ਮਹੀਨੇ ਅਤੇ ਉਨ੍ਹਾਂ ਮਹੀਨਿਆਂ ਦੌਰਾਨ ਮਨਾਏ ਜਾਣ ਵਾਲੇ ਤਿਉਹਾਰਾਂ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਇਹ ਵੱਖਰੀ ਗੱਲ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਮਹੀਨਾ ਵਿਸਾਖ ਵਿਸਾਖੀ ਦੇ ਤਿਉਹਾਰ ਅਤੇ ਹਾੜ੍ਹੀ ਦੀ ਫਸਲ ਕਾਰਨ ਬਹੁਤ ਜ਼ਿਆਦਾ ਮਹੱਤਵ ਰੱਖਦਾ ਹੈ। ਇਸੇ ਤਰ੍ਹਾਂ ਸਾਉਣ ਦਾ ਮਹੀਨਾ ਬਰਸਾਤਾਂ ਕਾਰਨ ਗਰਮੀ ਤੋਂ ਰਾਹਤ ਦੇਣ, ਖੇਤਾਂ ਵਿੱਚ ਹਰ ਪਾਸੇ ਹਰਿਆਲੀ ਛਾ ਜਾਣ ਕਾਰਨ ਅਤੇ ਤੀਆਂ ਦੇ ਤਿਉਹਾਰ ਕਾਰਨ ਵੱਡੇ ਮਹੱਤਵ ਦਾ ਮਾਲਕ ਹੈ। ਇਸੇ ਲਈ ਇਨ੍ਹਾਂ ਦੋਹਾਂ ਮਹੀਨਿਆਂ ਦਾ ਜ਼ਿਕਰ ਵੱਖਰੇ ਲੇਖ ਲਿਖ ਕੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅੱਸੂ ਦਾ ਮਹੀਨਾ ਸਾਉਣੀ ਦੀ ਫ਼ਸਲ ਘਰ ਆਉਣ ਅਤੇ ਦੁਸਹਿਰੇ ਦੇ ਤਿਉਹਾਰ ਕਾਰਨ ਪੰਜਾਬ ਦੇ ਲੋਕਾਂ ਅੰਦਰ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਦਾ ਜ਼ਿਕਰ ਇਸੇ ਲੇਖ ਅੰਦਰ ਅੱਗੇ ਚੱਲ ਕੇ ਕੀਤਾ ਜਾਵੇਗਾ। ਇਸੇ ਤਰ੍ਹਾਂ ਬਾਕੀ ਦੇਸੀ ਮਹੀਨਿਆਂ ਬਾਰੇ ਵੀ ਇਸ ਲੇਖ ਵਿੱਚ ਸੰਖੇਪ ਜ਼ਿਕਰ ਕੀਤਾ ਜਾ ਰਿਹਾ ਹੈ।

ਗੱਲ ਸ਼ੁਰੂ ਕਰਦੇ ਹਾਂ ਮਹੀਨੇ ਚੇਤਰ ਤੋਂ। ਇਹ ਮਹੀਨਾ ਦੇਸੀ ਸਾਲ ਦਾ ਪਹਿਲਾ ਮਹੀਨਾ ਮੰਨਿਆ ਜਾਂਦਾ ਹੈ। ਇਹ ਮਹੀਨਾ ਅਤਿ ਠੰਡੇ ਅਤੇ ਅਤਿ ਗਰਮ ਦੋ ਮੌਸਮਾਂ ਦਾ ਬਹੁਤ ਵਧੀਆ ਅਤੇ ਖੁਸ਼ਗਵਾਰ ਸੰਤੁਲਨ ਹੈ। ਇਸ ਮਹੀਨੇ ਫੁੱਲ ਬੂਟੇ ਭਰ ਜੋਬਨ ਵਿੱਚ ਹੁੰਦੇ ਹਨ ਅਤੇ ਹਰ ਪਾਸੇ ਫੁੱਲਾਂ ਦੀਆਂ ਮਹਿਕਾਂ, ਖੁਸ਼ਬੂਆਂ ਬੰਦੇ ਦੇ ਤਨ ਮਨ ਨੂੰ ਨਸ਼ਿਆ ਦਿੰਦੀਆਂ ਹਨ। ਤਨੋਂ ਮਨੋਂ ਖੀਵਾ ਹੋਇਆ ਬੰਦਾ ਝੂਮ ਉਠਦਾ ਹੈ। ਅੰਬਾਂ ਦੀਆਂ ਟਾਹਣੀਆਂ ਤੇ ਬੂਰ ਪੈ ਜਾਂਦਾ ਹੈ ਤੇ ਕੋਇਲ ਦੀ ਮਿੱਠੀ ਪਿਆਰੀ ਕੂ ਕੂ ਦੀ ਅਵਾਜ਼ ਮਨੁੱਖ ਦੇ ਕੰਨਾਂ ਵਿੱਚ ਅਗੰਮੀ ਰਸ ਘੋਲਦੀ ਪ੍ਰਤੀਤ ਹੁੰਦੀ ਹੈ। ਚੇਤ ਦੇ ਮਹੀਨੇ ਹੀ ਕਣਕਾਂ ਦਾ ਰੰਗ ਵੀ ਪੀਲਾ ਪੈ ਜਾਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਆਖਿਆ ਗਿਆ ਹੈ—

ਚੇਤ ਮਹੀਨਾ ਚੜ੍ਹਦਾ ਹੈ, ਕਣਕੀਂ ਸੋਨਾ ਮੜ੍ਹਦਾ ਹੈ...

ਚੇਤਰ ਦਾ ਮਹੀਨਾ ਮਨੁੱਖ ਨੂੰ ਇਹ ਅਹਿਸਾਸ ਵੀ ਕਰਵਾਉਂਦਾ ਹੈ ਕਿ ਉਸ ਦਾ ਇੱਕ ਹੋਰ ਸਾਲ ਬੀਤੇ ਦਾ ਹਿੱਸਾ ਬਣ ਗਿਆ ਹੈ। ਅੰਮ੍ਰਿਤਾ ਪ੍ਰੀਤਮ ਪ੍ਰਸਿੱਧ ਪੰਜਾਬੀ ਕਵਿੱਤਰੀ ਨੇ ਆਪਣੀ ਕਵਿਤਾ ਚੇਤਰ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ—

ਅੱਜ ਬੇਲੇ ਵਗਦੀ ਪੌਣ ਵੇ,
ਖੂਹ ਦੀਆਂ ਟਿੰਡਾਂ ਵਾਕਰਾਂ,
ਪਏ ਸਾਲ ਮਹੀਨੇ ਭੌਣ ਵੇ
ਅੱਜ ਚੇਤਰ ਚੜ੍ਹਿਆ।
.....
ਅੱਜ ਮੌਲੇ ਪੱਤਰ ਟਾਹਣ ਵੇ
ਉਮਰਾਂ ਦੀ ਇਸ ਚਰਖੀ ਉੱਤੇ
ਗੇੜੇ ਗਿੜਦੇ ਜਾਣ ਵੇ
ਅੱਜ ਚੇਤਰ ਚੜ੍ਹਿਆ।

ਚੇਤ ਮਹੀਨਾ ਬਸੰਤ ਰੁੱਤ ਦਾ ਮਹੀਨਾ ਹੁੰਦਾ ਹੈ। ਕੁਦਰਤ ਪ੍ਰੇਮੀ ਕਾਦਰ ਦੇ ਰੰਗ ਵਿੱਚ ਧੁਰ ਅੰਦਰ ਤੱਕ ਖੀਵੇ ਹੋਏ ਹੁੰਦੇ ਹਨ। ਅਜਿਹੇ ਮਨ ਮਾਫਕ ਮੌਸਮ ਵਿੱਚ ਦੋ ਹਮਰਾਜ਼, ਹਮਜੋਲੀਆਂ ਅਤੇ ਪ੍ਰੇਮੀਆਂ ਨੂੰ ਇੱਕ ਦੂਜੇ ਦੀ ਯਾਦ ਆਉਣੀ ਸੁਭਾਵਕ ਹੈ। ਦੋਹਾਂ ਦੇ ਨਾ ਮਿਲ ਸਕਣ ਦੀ ਸੂਰਤ ਵਿੱਚ ਦੋਹਾਂ ਦਾ ਵਿਛੋੜਾ ਜ਼ਿਆਦਾ ਦੁੱਖਦਾਈ ਮਹਿਸੂਸ ਹੁੰਦਾ ਹੈ। ਅਜਿਹੀ ਹਾਲਤ ਵਿੱਚ ਬਿਰਹਣ ਆਪਣੇ ਪਿਆਰੇ ਨੂੰ ਸੁਆਲ ਕਰਦੀ ਪੁੱਛਦੀ ਹੈ—

ਕਿੱਥੇ ਸਉ ਜਦ ਸਾਹ ਵਿੱਚ ਚੰਬਾ
ਚੇਤਰ ਬੀਜਣ ਆਏ
ਮੇਰੇ ਰਾਮ ਜੀਉ।
ਤੁਸੀਂ ਕਿਹੜੀ ਰੁੱਤੇ ਆਏ
ਮੇਰੇ ਰਾਮ ਜੀਉ। (**ਸ਼ਿਵ ਕੁਮਾਰ ਬਟਾਲਵੀ**)

ਇਸੇ ਤਰ੍ਹਾਂ ਬਾਬੂ ਫਿਰੋਜ਼ਦੀਨ ਸ਼ਰਫ਼ ਨੇ ਵੀ ਵਿਛੋੜੇ ਦੀ ਬੇਚੈਨੀ ਦਾ ਜ਼ਿਕਰ ਕੀਤਾ ਹੈ—

ਚੇਤਰ ਚੈਨ ਨਾ ਆਵੇ ਦਿਲ ਨੂੰ, ਤੇਰੇ ਬਾਝ ਪਿਆਰੇ ਜੀ।
ਮੈਂ ਹਾਂ ਤੇਰੇ ਦਰ ਦੀ ਬਰਦੀ, ਮੱਲੇ ਤੇਰੇ ਦੁਆਰੇ ਜੀ।
ਤੇਰੇ ਬਾਝੋਂ ਡੁੱਬਦੀ ਬੇੜੀ, ਕਿਹੜਾ ਮੇਰੀ ਤਾਰੇ ਜੀ।
ਸ਼ਰਫ਼ ਬੰਦੀ ਦੀ ਆਸ ਪੁਜਾਈਂ, ਦੇਵੀਂ ਝੱਬ ਦੀਦਾਰੇ ਜੀ।

ਵਿਛੋੜੇ ਦੇ ਸੱਲ ਨੂੰ ਚੇਤਰ ਮਹੀਨੇ ਵਿੱਚ ਮਹਿਸੂਸ ਕਰਦੀ ਹੋਈ ਪੰਜਾਬਣ ਮੁਟਿਆਰ ਆਪਣੇ ਹਾਣੀ ਨੂੰ ਛੱਡ ਕੇ ਨਾ ਜਾਣ ਲਈ 'ਚੇਤਰ ਨਾ ਜਾਈਂ ਚੰਨਾ ਖਿੜੀ ਬਹਾਰ ਵੇ' ਆਖ ਕੇ ਪ੍ਰੇਰਦੀ ਹੈ। ਪਰ ਜੇਕਰ ਵਿਛੋੜਾ ਪਿਆ ਹੋਇਆ ਹੈ ਤਾਂ ਦਿਲ ਦੇ ਵਲਵਲੇ ਇੰਝ ਪ੍ਰਗਟ ਕਰਦੀ ਹੈ—

ਚੜ੍ਹਿਆ ਮਹੀਨਾ ਚੇਤ ਦਿਲਾਂ ਦੇ ਭੇਤ ਕੋਈ ਨਹੀਂ ਜਾਣਦਾ
ਉਹ ਗਿਆ ਪਰਦੇਸ ਜੋ ਸਾਡੇ ਹਾਣ ਦਾ...

ਇਸ ਤਰ੍ਹਾਂ ਚੇਤ ਦਾ ਮਹੀਨਾ ਸਾਲ ਦਾ ਸ਼ੁਰੂਆਤੀ ਮਹੀਨਾ ਹੋਣ ਅਤੇ ਬਸੰਤ ਰੁੱਤ ਦਾ ਮਹੀਨਾ ਹੋਣ ਅਤੇ ਫਸਲਾਂ ਦੇ ਪੱਕਣ ਦਾ ਮਹੀਨਾ ਹੋਣ ਕਾਰਨ ਵਿਸ਼ੇਸ਼ ਮਹੱਤਵ ਰੱਖਦਾ ਹੈ।

ਵਿਸਾਖ ਦੇ ਮਹੀਨੇ ਬਾਰੇ ਇੱਕ ਵੱਖਰਾ ਲੇਖ ਲਿਖਿਆ ਜਾ ਚੁੱਕਾ ਹੈ।

ਜੇਠ ਹਾੜ ਦਾ ਮਹੀਨਾ ਕੜਾਕੇ ਦੀ ਗਰਮੀ ਦੇ ਦੋ ਮਹੀਨਿਆਂ ਵਿਚੋਂ ਪਹਿਲਾ ਅਤੇ ਦੂਜਾ ਉਂਝ ਦੇਸੀ ਕੈਲੰਡਰ ਦਾ ਤੀਜਾ ਤੇ ਚੌਥਾ ਮਹੀਨਾ ਹੁੰਦਾ ਹੈ। ਗਰਮੀ ਦੀ ਰੁੱਤ ਨੂੰ ਇਨ੍ਹਾਂ ਮਹੀਨਿਆਂ ਦੇ ਨਾਂਅ ਕਾਰਨ ਹੀ ਸੰਕੇਤਕ ਤੌਰ ਤੇ ਜੇਠ ਹਾੜ੍ਹ ਆਖ ਦਿੱਤਾ ਜਾਂਦਾ ਹੈ। ਇਸ ਮਹੀਨੇ ਦੀ ਗਰਮੀ ਨੂੰ ਦੇਖਦਿਆਂ ਹੀ ਆਖਿਆ ਗਿਆ ਹੈ –

ਜੇਠ ਚੱਲਣ ਲੂੰਆਂ, ਪਾਣੀ ਸੁਕਿਆ ਖੂਹਾਂ...

ਜੇਠ ਮਹੀਨੇ ਦੀ ਗਰਮੀ ਨੂੰ ਦੇਖਦਿਆਂ ਹੀ ਕਹਾਵਤ ਬਣੀ ਕਿ 'ਜੇਠ ਹਾੜ ਕੁੱਖੀਂ, ਸਾਉਣ ਭਾਦੋਂ ਰੁੱਖੀਂ'। ਭਾਵ ਅਰਥ ਹੈ ਕਿ ਜੇਠ ਹਾੜ ਦੀ ਗਰਮੀ ਤੋਂ ਬਚਣ ਲਈ ਘਰਾਂ ਦੇ ਅੰਦਰ ਰਹਿਣਾ ਹੀ ਚੰਗਾ ਹੈ ਅਤੇ ਸਾਵਣ ਭਾਦੋਂ ਦੇ ਮੀਹਾਂ ਕਾਰਨ ਹੁੰਮਸ ਤੋਂ ਬਚਣ ਲਈ ਰੁੱਖਾਂ ਹੇਠ ਬੈਠਣਾ ਚਾਹੀਦਾ ਹੈ। ਇਹ ਗੱਲ ਵੱਖਰੀ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਕਾਰਨ ਅੱਜ ਕੱਲ੍ਹ ਅਜਿਹੇ ਉਪਕਰਨ ਮੌਜੂਦ ਹਨ ਕਿ ਤੁਸੀਂ ਘਰਾਂ ਦੇ ਅੰਦਰ ਬੈਠ ਕੇ ਹੁੰਮਸ ਤੋਂ ਬਚਾਓ ਕਰ ਸਕਦੇ ਹੋ। ਇਸ ਲਈ ਹੁਣ ਅਜਿਹੀਆਂ ਕਹਾਵਤਾਂ ਬੇ-ਮਾਅਨੀਆਂ ਹੋ ਗਈਆਂ ਹਨ। ਪਰ ਪੰਜਾਬੀਆਂ ਦੀ ਆਰਥਿਕ ਤੰਗੀਆਂ ਤੋਂ

ਬਚਣ ਲਈ ਪਰਦੇਸ ਜਾਣ ਦੀ ਲਿਲ੍ਹਕ ਨੂੰ ਪੰਜਾਬਣ ਮੁਟਿਆਰ ਜਾਣਦੀ ਹੈ। ਉਹ ਵਿਛੋੜੇ ਦੇ ਸੱਲ ਤੋਂ ਬਚਣ ਲਈ ਆਪਣੇ ਮਾਹੀ ਨੂੰ ਜੇਠ ਮਹੀਨੇ ਦੀਆਂ ਧੁੱਪਾਂ ਦਾ ਵਾਸਤਾ ਪਾਉਂਦੀ ਹੋਈ ਪ੍ਰੇਰਦੀ ਹੋਈ ਆਖਦੀ ਹੈ—

ਜੇਠ ਹਾੜ ਦੀਆਂ ਧੁੱਪਾਂ ਵੇ ਚੰਨਾ, ਏਥੇ ਪੈਣ ਬਲਾਈਂ,
ਵੇ ਲਾਲ ਦੱਮਾਂ ਦਿਆ ਲੋਭੀਆ, ਪਰਦੇਸ ਨਾ ਜਾਈਂ।
ਮੈਂ ਕੱਤੂੰਗੀ ਨਿੱਕੜਾ, ਵੇ ਤੂੰ ਬਹਿ ਕੇ ਖਾਈਂ...

ਪਰ ਗਭਰੂ ਜੋ ਕਿ ਪਰਦੇਸ ਜਾਣ ਲਈ ਬਜ਼ਿਦ ਹੈ ਅਤੇ ਉਸ ਦੀ ਗੱਲ ਨੂੰ ਇਨ੍ਹਾਂ ਸ਼ਬਦਾਂ ਨਾਲ ਕੱਟਦਾ ਹੈ—

ਨਾਰਾਂ ਦੀ ਖੱਟੀ ਵਿੱਚ ਕੋਈ ਬਰਕਤ ਨਾਹੀਂ ਨੀ ਲਾਜੋ ਮੇਰੀਏ
ਨੀ ਗੋਰੀਏ ਮਰਦਾਂ ਦੀ ਖੱਟੀ, ਚੂੜੇ ਛਣਕਣ ਬਾਹੀਂ ਨੀ ਲਾਜੋ ਮੇਰੀਏ...

ਦੇਸੀ ਮਹੀਨਿਆਂ ਦੇ ਇਨ੍ਹਾਂ ਮਹੀਨਿਆਂ ਦੇ ਫਲਾਂ ਬਾਰੇ ਵੀ ਸਾਡੀਆਂ ਪੰਜਾਬੀ ਬੋਲੀਆਂ ਵਿੱਚ ਬਾ-ਖੂਬੀ ਜ਼ਿਕਰ ਹੈ—

ਜੇਠ ਹਾੜ ਵਿੱਚ ਅੰਬ ਬਥੇਰੇ, ਸੌਣ ਜਾਮਨੂੰ ਪੀਲਾਂ
ਰਾਂਝਿਆ ਆ ਜਾ ਵੇ ਪਾ ਕੇ ਪਟਾਰੀ ਵਿੱਚ ਕੀਲਾਂ...

ਭਾਵੇਂ ਜੇਠ ਦੇ ਮਹੀਨੇ ਵਿੱਚ ਧਰਤੀ ਭੱਠ ਵਾਂਗ ਤਪ ਰਹੀ ਹੁੰਦੀ ਹੈ ਪਰ ਇਸ ਦੇ ਬਾਵਜੂਦ ਪੰਜਾਬੀ ਜਨ ਮਾਨਸ ਇਸ ਮਹੀਨੇ ਤਪਸ਼ ਤੋਂ ਰਾਹਤ ਵਾਸਤੇ ਮੀਂਹ ਨਹੀਂ ਮੰਗਦਾ ਸੀ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਖੇਤੀਬਾੜੀ ਦਾ ਸਾਰਾ ਦਾਰੋਮਦਾਰ ਹੱਥੀਂ ਮਿਹਨਤ ਅਤੇ ਪਸ਼ੂਆਂ ਤੇ ਨਿਰਭਰ ਕਰਦਾ ਸੀ। ਯੁਗ ਤਕਨਾਲੋਜੀ ਦਾ ਹੈ ਨਹੀਂ ਸੀ ਅਤੇ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਹੀ ਸੀ। ਅਜਿਹੇ ਵਿੱਚ ਹਾੜੀ ਦੀ ਫਸਲ ਨਜਿੱਠਣ ਲਈ ਜੇਠ ਦੇ ਅਖੀਰ ਤੱਕ ਦਾ ਸਮਾਂ ਲੱਗ ਜਾਂਦਾ ਸੀ। ਇਸ ਗੱਲ ਨੂੰ ਪੰਜਾਬੀ ਦੇ ਸਿਰਮੌਰ ਕਵੀ ਵਾਰਿਸ ਸ਼ਾਹ ਵੀ ਬਾ-ਖੂਬੀ ਜਾਣਦੇ ਸਨ—

ਜੇਠ ਮੀਂਹ ਤੇ ਸਿਆਲ ਨੂੰ ਵਾਉ ਮੰਦੀ,
ਕੱਤਕ ਮਾਘ ਵਿੱਚ ਮਨ੍ਹਾਂ ਹਨੇਰੀਆਂ ਨੀ...

ਹਾੜ ਦੇ ਮਹੀਨੇ ਦੀ ਗਰਮੀ ਦਾ ਏਨਾ ਕਹਿਰ ਹੁੰਦਾ ਹੈ ਕਿ ਹਰ ਜੀਵ ਜੰਤੂ, ਪਸ਼ੂ ਪਰਿੰਦਾ ਰੁੱਖਾਂ ਦੀ ਛਾਂ ਭਾਲਦਾ। ਬੀਂਡੇ ਅਤੇ ਹੋਰ ਕੀਟ ਪਤੰਗੇ ਵੀ ਰੁੱਖਾਂ ਦੀ ਛਾਂ ਹੇਠ ਦੁਪਹਿਰ ਵੇਲੇ ਗਰਮੀ ਦੇ ਸਤਾਏ ਹੋਏ ਭਾਂਤ-ਭਾਂਤ ਦੀਆਂ ਅਵਾਜ਼ਾਂ ਕੱਢਦੇ। 'ਹਾੜ ਬੋਲਦਾ' ਮੁਹਾਵਰੇ ਦੀਆਂ ਜੜ੍ਹਾਂ ਸ਼ਾਇਦ ਇਨ੍ਹਾਂ ਅਵਾਜ਼ਾਂ ਵਿੱਚ ਹੀ ਹੋਣ। ਹਾੜ ਦੀ ਗਰਮੀ ਕਾਰਨ ਹੀ ਇੱਕ ਹੋਰ ਮੁਹਾਵਰਾ 'ਹਾੜ ਕੱਢਾਵੇ ਹਾੜੇ' ਵੀ ਪ੍ਰਚਿੱਲਤ ਹੈ। ਸ਼ਿਵ ਕੁਮਾਰ ਬਟਾਲਵੀ ਨੇ ਵੀ ਆਪਣੀ ਪ੍ਰਸਿੱਧ ਰਚਨਾ ਵਿੱਚ 'ਲੂਣਾ' ਦਾ ਸੰਤਾਪ ਬਿਆਨਦੇ ਹੋਏ ਇੰਦਰਾਣੀ ਬਿੰਬ ਵਰਤਦਿਆਂ ਜੇਠ ਤੇ ਹਾੜ ਦੇ ਮਹੀਨਿਆਂ ਨਾਲ ਤਸ਼ਬੀਹ ਦਿੱਤੀ ਹੈ—

ਇੱਕ ਛਾਤੀ ਮੇਰਾ ਹਾੜ ਤਪੰਦਾ,
ਇੱਕ ਤਪੰਦਾ ਜੇਠ।
ਮੈਂ ਅੱਗ ਤੁਰੀ ਪਰਦੇਸ।
ਨੀ ਮੈਂ ਅੱਗ ਤੁਰੀ ਪਰਦੇਸ।

ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਜੇਠ ਹਾੜ ਦੇ ਮਹੀਨਿਆਂ ਵਿੱਚ ਅੰਬਾਂ ਦੇ ਫਲ ਦੀ ਭਰਮਾਰ ਹੁੰਦੀ ਹੈ। ਇਸ ਲਈ ਲੋਕ ਫਲਾਂ ਦੇ ਇਸ ਰਾਜੇ ਫਲ ਅੰਬ ਦਾ ਸੁਆਦ ਵੀ ਮਾਣਦੇ ਹਨ ਅਤੇ ਧੁੱਪ ਤੋਂ ਬਚਣ ਦਾ ਉਪਰਾਲਾ ਵੀ ਕਰਦੇ ਹਨ। ਦੇਖੋ ਇਨ੍ਹਾਂ ਪੰਕਤੀਆਂ ਵਿੱਚ ਇੱਕ ਮੁਟਿਆਰ ਜੋ ਆਪਣੇ ਮਾਹੀ ਨਾਲ ਤੁਰੀ ਜਾ ਰਹੀ ਹੈ, ਕੀ ਕਹਿੰਦੀ ਹੈ—

ਹਾੜ ਮਹੀਨਾ ਚੋ, ਚੋ ਪੈਂਦਾ ਭਿੱਜ ਗਈ ਲਾਲ ਪਰਾਂਦੀ
ਛਤਰੀ ਦੀ ਛਾਂ ਕਰ ਵੇ, ਵੇ ਮੈਂ ਅੰਬ ਚੂਪਦੀ ਜਾਂਦੀ...

ਜੇਠ ਹਾੜ ਦੇ ਮਹੀਨੇ ਵਿੱਚ ਕਾਂ ਦੀ ਅੱਖ ਨਿਕਲਣ ਵਾਲੀ ਗਰਮੀ ਪੈਣ ਕਾਰਨ ਖਾਲੀ ਹੋ ਗਈ ਜ਼ਮੀਨ ਤਪ ਕੇ ਰੱਕੜ ਹੋ ਜਾਂਦੀ ਹੈ। ਇਸ ਨੂੰ ਤੋੜਨ ਲਈ ਹਾੜ ਵਿੱਚ ਜ਼ਮੀਨ ਦੀ ਵਹਾਈ ਕਰਨੀ ਜ਼ਰੂਰੀ ਹੋ ਜਾਂਦੀ ਹੈ। ਇੱਕ ਕਹਾਵਤ ਹੈ ਕਿ 'ਹਾੜ ਦਾ ਇੱਕ', ਸਾਵਣ ਦੇ ਦੋ, ਭਾਦੋਂ ਦੇ ਤਿੰਨ ਤੇ ਅੱਸੂ ਦਾ ਸੌ' ਭਾਵ ਕਿ ਹਾੜ ਦੇ ਮਹੀਨੇ ਇੱਕ ਵਾਰ ਦਾ ਹਲ ਵਾਹਿਆ ਅੱਸੂ ਦੇ ਮਹੀਨੇ ਸੌ ਵਾਰ ਹਲ ਵਾਹੁਣ ਦੇ ਬਰਾਬਰ ਹੈ। ਇਸੇ ਤਰ੍ਹਾਂ ਇੱਕ ਹੋਰ ਅਖਾਣ ਹੈ" ਹਾੜ ਨਾ ਵਾਹੀ ਹਾੜੀ, ਫਿਰ ਭੜੂਏ ਦੀ ਦਾਹੜੀ'। ਇਸ ਦਾ ਅਰਥ ਹੈ ਕਿ ਜਿਸ ਕਿਸਾਨ ਨੇ ਹਾੜ ਵਿੱਚ ਪੈਲੀ ਦੀ ਵਹਾਈ ਨਹੀਂ ਕੀਤੀ ਉਹ ਵਧੀਆ ਝਾੜ ਹਾਸਲ ਨਹੀਂ ਕਰ ਸਕਦਾ।

ਭਾਦੋਂ ਹਾੜ ਤੋਂ ਅਗਲਾ ਮਹੀਨਾ ਸੌਣ ਦਾ ਮਹੀਨਾ ਹੁੰਦਾ ਹੈ। ਇਸ ਮਹੀਨੇ ਬਾਰੇ ਜ਼ਿਕਰ ਇੱਕ ਵੱਖਰੇ ਲੇਖ ਵਿੱਚ ਕੀਤਾ ਜਾ ਚੁੱਕਾ ਹੈ। ਸਾਵਣ ਤੋਂ ਬਾਅਦ ਆਉਂਦਾ ਹੈ ਮਹੀਨਾ ਭਾਦੋਂ। ਇਸ ਮਹੀਨੇ ਆਖਿਆ ਜਾਂਦਾ ਹੈ ਕਿ ਮੀਂਹ ਬੰਨੇ ਨਾਲ ਬੰਨਾ ਛੱਡ ਜਾਂਦੈ। ਧਰਤੀ ਗਿੱਲੀ ਹੋਈ ਹੁੰਦੀ ਹੈ। ਹਵਾ ਵਿੱਚ ਨਮੀ ਹੁੰਦੀ ਹੈ। ਧੁੱਪ ਨਿਕਲਣ ਨਾਲ ਧਰਤੀ ਭੜਾਸ ਛੱਡਦੀ ਹੈ ਤਾਂ ਹੁੰਮਸ ਵਧ ਜਾਂਦਾ ਹੈ। ਇਸ ਮਹੀਨੇ ਮੌਸਮ ਕਈ-ਕਈ ਰੰਗ ਬਦਲਦਾ ਹੈ। ਭਾਦੋਂ ਦੀਆਂ ਤਿੱਖੀਆਂ ਧੁੱਪਾਂ ਦੇ ਤਾੜਕੇ ਬੰਦੇ ਨੂੰ ਜੇਠ ਹਾੜ ਦੀ ਗਰਮੀ ਨਾਲੋਂ ਕਿਤੇ ਵੱਧ ਦੁੱਖਦਾਈ ਮਹਿਸੂਸ ਹੁੰਦੇ ਹਨ। ਇਸੇ ਲਈ ਆਖਿਆ ਗਿਆ ਹੈ ਕਿ ਭਾਦੋਂ ਦੀਆਂ ਧੁੱਪਾਂ ਦਾ ਸਤਾਇਆ ਜੱਟ ਸਾਧ ਹੋ ਜਾਂਦੈ। ਅਚਾਨਕ ਮੀਂਹ ਦਾ ਆ ਜਾਣਾ ਇਸ ਮਹੀਨੇ ਦੀ ਵਿਸ਼ੇਸ਼ਤਾ ਹੈ। ਇਸੇ ਕਾਰਨ 'ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ' ਕਹਾਵਤ ਦਾ ਜਨਮ ਹੋਇਆ। ਪਹਿਲੇ ਸਮਿਆਂ ਵਿੱਚ ਅੱਜਕੱਲ ਵਾਂਗ ਰਸੋਈਆਂ ਨਹੀਂ ਸਨ ਹੁੰਦੀਆਂ। ਘਰ ਦੇ ਖੁੱਲ੍ਹੇ ਵਿਹੜੇ ਵਿੱਚ ਵੀ ਓਟਾ ਜਿਹਾ ਕਰਕੇ ਚੁੱਲ੍ਹਾ ਚੌਂਕਾ ਤਿਆਰ ਕਰ ਲਿਆ ਜਾਂਦਾ ਸੀ। ਕਈ ਵਾਰ ਆਟਾ ਗੁੰਨ੍ਹ ਕੇ ਰੋਟੀ ਪਕਾਉਣ ਲਈ ਤਿਆਰ ਹੋਣਾ ਤਾਂ ਅਚਾਨਕ ਮੀਂਹ ਦਾ ਆ ਜਾਣਾ ਰੋਟੀ ਬਨਾਉਣ ਵਿੱਚ ਵਿਘਨ ਪੈ ਜਾਂਦਾ ਜਿਸ ਕਾਰਨ ਉਕਤ ਕਹਾਵਤ ਨੇ ਜਨਮ ਲਿਆ। ਕਈ ਵਾਰ ਧੁੱਪ ਵੀ ਨਿਕਲੀ ਹੁੰਦੀ ਅਤੇ ਮੀਂਹ ਵੀ ਪੈ ਜਾਂਦਾ ਤਾਂ ਆਖਿਆ ਜਾਂਦਾ ਕਿ ਗਿੱਦੜ ਗਿਦੜੀ ਦਾ ਵਿਆਹ ਹੋ ਰਿਹੈ।

ਸਾਉਣ ਦੇ ਮਹੀਨੇ ਤੋਂ ਹੀ ਮੀਂਹਾਂ ਕਾਰਨ ਖੁੱਡਾ ਆਦਿ ਵਿੱਚ ਪਾਣੀ ਭਰ ਜਾਂਦਾ ਤਾਂ ਸੱਪ ਸਪੋਲੀਏ ਅਤੇ ਹੋਰ ਰੀਂਗਣ ਵਾਲੇ ਜੀਵ ਜੰਤੂ ਖੁੱਡਾਂ ਵਿਚੋਂ ਬਾਹਰ ਨਿਕਲ ਆਉਂਦੇ। ਇਸੇ ਮਹੀਨੇ ਹੀ ਗੁੱਗੇ ਨੌਂਵੀ ਦਾ ਤਿਉਹਾਰ ਆਉਂਦਾ ਹੈ। ਲੁਧਿਆਣੇ ਨੇੜਲੇ ਪਿੰਡ ਛਪਾਰ ਵਿਖੇ ਗੁੱਗੇ ਨੌਂਵੀ ਤੇ ਬਹੁਤ ਭਾਰੀ ਮੇਲਾ ਲਗਦਾ ਹੈ।

ਅੱਸੂ ਕੱਤਾ—ਭਾਦੋਂ ਤੋਂ ਬਾਅਦ ਆਉਂਦੇ ਅੱਸੂ ਦੇ ਮਹੀਨੇ ਦਾ ਦੇਸੀ ਕੈਲੰਡਰ ਵੈਸਾਖ ਮਹੀਨੇ ਵਾਂਗ ਹੀ ਮਹੱਤਵ ਹੈ। ਜਿਵੇਂ ਵਿਸਾਖ ਵਿੱਚ ਹਾੜੀ ਦੀ ਫਸਲ ਘਰ ਆਉਂਦੀ ਹੈ। ਇਸੇ ਤਰ੍ਹਾਂ ਅੱਸੂ ਦੇ ਮਹੀਨੇ ਸਾਉਣੀ ਦੀ ਫ਼ਸਲ ਭਾਵ ਝੋਨਾ, ਮੱਕੀ ਕਪਾਹ ਆਦਿ ਘਰ ਆਉਂਦੇ ਹਨ। ਅਤਿ ਦੀ ਪਸੀਨੇ ਛੁਡਾਊ ਗਰਮੀ ਤੋਂ ਬਾਅਦ ਅੱਸੂ ਦਾ ਮਹੀਨਾ ਰਾਹਤ ਦੇਣ ਵਾਲਾ ਹੁੰਦਾ ਹੈ।

ਮੌਸਮ ਖੁਸ਼ਗਵਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਮਹੀਨੇ ਸਵੇਰ ਸ਼ਾਮ ਠੰਡੇ ਅਤੇ ਮਨ ਲੁਭਾਉਣੇ ਹੁੰਦੇ ਹਨ। ਇਸ ਨੂੰ ਸਰਦ ਰੁੱਤ ਦਾ ਸ਼ੁਰੂਆਤੀ ਮਹੀਨਾ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਕਹਾਵਤ ਬਣੀ 'ਅੱਸੂ ਪੁੱਤ ਸਿਆਲੇ ਦਾ'। ਦੇਸੀ ਕੈਲੰਡਰ ਦਾ ਸੱਤਵਾਂ ਮਹੀਨਾ ਹੋਣ ਕਾਰਨ ਸਾਲ ਦੇ ਦੂਜੇ ਅੱਧ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਬਦਲਦੇ ਮੌਸਮ ਕਾਰਨ ਆਖਿਆ ਜਾਂਦਾ ਹੈ—

ਅੱਸੂ ਮਾਹ ਨਿਰਾਲਾ, ਦਿਨ ਨੂੰ ਧੁਪਾਂ ਰਾਤੀਂ ਪਾਲਾ

ਬਰਸਾਤ ਇਸ ਮਹੀਨੇ ਤੱਕ ਖਤਮ ਹੋ ਚੁੱਕੀ ਹੁੰਦੀ ਹੈ। ਮਿੱਟੀ ਘੱਟਾ ਬੈਠ ਗਿਆ ਹੁੰਦਾ ਹੈ। ਇਸ ਲਈ ਵਾਤਾਵਰਣ ਸ਼ੁਧ ਤੇ ਸਾਫ਼ ਨਜ਼ਰ ਆਉਂਦਾ ਹੈ। ਮੱਖੀ ਮੱਛਰ ਦੇ ਵੀ ਘਟ ਜਾਣ ਕਾਰਨ ਬੰਦਾ ਬਹੁਤ ਰਾਹਤ ਮਹਿਸੂਸ ਕਰਦਾ ਹੈ। ਸਾਫ਼ ਵਾਤਾਵਰਣ ਵਿੱਚ ਖੁਲ੍ਹੇ ਨੀਲੇ ਅੰਬਰ ਥੱਲੇ ਪੰਛੀਆਂ ਦੀਆਂ ਉਡਾਰੀਆਂ ਮਨੁੱਖੀ ਮਨ ਅੰਦਰ ਇੱਕ ਵਿਸ਼ੇਸ਼ ਤਰ੍ਹਾਂ ਦਾ ਸਕੂਨ ਅਤੇ ਹੁਲਾਸ ਭਰਦੀਆਂ ਹਨ। ਅੱਸੂ ਦੇ ਮਹੀਨੇ ਵਿੱਚ ਨਾ ਬਹੁਤੀ ਗਰਮੀ ਤੇ ਨਾ ਬਹੁਤੀ ਸਰਦੀ ਹੁੰਦੀ ਹੈ। ਇਸ ਲਈ ਖਾਣ-ਪੀਣ ਦੀਆਂ ਚੀਜ਼ਾਂ ਖਰਾਬ ਹੋਣ ਦਾ ਡਰ ਨਹੀਂ ਹੁੰਦਾ। ਸ਼ਾਇਦ ਇਸੇ ਕਾਰਨ ਅੱਸੂ ਦਾ ਮਹੀਨਾ ਵਿਆਹ ਸ਼ਾਦੀਆਂ ਆਦਿ ਕਾਰਜਾਂ ਲਈ ਸ਼ੁਭ ਮੰਨਿਆ ਜਾਂਦਾ ਹੈ। ਪੰਜਾਬ ਦੀ ਜੰਮੀ ਜਾਈ ਇੱਕ ਧੀ ਆਪਣੇ ਧਰਮੀ ਬਾਬਲ ਨੂੰ ਵਿਆਹ ਵਰਗਾ ਕਾਰਜ ਅੱਸੂ ਦੇ ਮਹੀਨੇ ਕਰਨ ਦੀ ਨੇਕ ਸਲਾਹ ਦਿੰਦੀ ਆਖਦੀ ਹੈ—

ਮੇਰਾ ਅੱਸੂ ਦਾ ਕਾਜ ਰਚਾ ਮੇਰੇ ਬਾਬਲਾ
ਤੇਰਾ ਅੰਨ ਨਾ ਤਰੱਕੇ ਕੋਠੜੀ,
ਤੇਰਾ ਦਹੀਂ ਨਾ ਅਮਲਾ ਜਾ,
ਬਾਬਲ ਮੈਂ ਬੇਟੀ ਪਰਨਾ,
ਵੇ ਧਰਮੀ ਬਾਬਲਾ, ਤੇਰਾ ਪੁੰਨ ਹੋਵੇ।

ਇਸ ਮਹੀਨੇ ਨੂੰ ਵਿਆਹ ਸ਼ਾਦੀਆਂ ਲਈ ਸ਼ੁਭ ਮੰਨੇ ਜਾਣ ਦਾ ਇੱਕ ਹੋਰ ਕਾਰਨ ਇਸ ਮਹੀਨੇ ਦੀ ਠੰਡੀ ਮਿੱਠੀ ਰੁੱਤ ਦਾ ਸਮਾਗਮੀ ਪੱਖੋਂ ਅਨੁਕੂਲ ਹੋਣਾ ਹੈ। ਇਸ ਕਰਕੇ ਤਾਂ ਸ਼ਿਵ ਕੁਮਾਰ ਬਟਾਲਵੀ ਵੀ ਆਪਣੀ ਕਵਿਤਾ ਵਿੱਚ ਇੱਕ ਧੀ ਦੇ ਮੂੰਹੋਂ ਅਖਵਾਉਂਦਾ ਹੈ—

ਜਦ ਪੈਣ ਕਪਾਹੀਂ ਫੁੱਲ ਵੇ,
ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ
ਧਰਮੀਂ ਬਾਬਲਾ

ਅੱਸੂ ਦੇ ਮਹੀਨੇ ਰਾਤਾਂ ਨੂੰ ਤਰੇਲ ਪੈਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਇਸ ਮਹੀਨੇ ਵਿੱਚ ਸਵੇਰ ਦੀ ਸੈਰ ਵੇਲੇ ਬਨਸਪਤੀ ਅਤੇ ਖਾਸ ਕਰਕੇ ਫੁੱਲਾਂ ਦੀਆਂ ਪੱਤੀਆਂ ਤੇ ਪਏ ਤ੍ਰੇਲ ਦੇ ਤੁਪਕੇ ਰੂਹ ਨੂੰ ਤਾਜ਼ਗੀ ਬਖਸ਼ਦੇ ਹਨ ਅਤੇ ਅੱਖਾਂ ਨੂੰ ਤ੍ਰਿਪਤੀ। ਸਵੇਰ ਵੇਲੇ ਤਰੇਲੇ ਹੋਏ ਘਾਹ ਉੱਤੇ ਤੁਰਨਾ ਅੱਖਾਂ ਦੀ ਰੌਸ਼ਨੀ ਲਈ ਵੀ ਲਾਭਦਾਇਕ ਮੰਨਿਆ ਜਾਂਦਾ ਹੈ।

ਪਿੱਤਰਾਂ ਦੇ ਸਰਾਧਾਂ, ਅੱਸੂ ਦੇ ਨਰਾਤਿਆਂ ਅਤੇ ਦੁਸਹਿਰੇ ਦੇ ਤਿਉਹਾਰ ਕਾਰਨ ਇਸ ਮਹੀਨੇ ਦੀ ਵਿਸ਼ੇਸ਼ ਮਹਾਨਤਾ ਹੈ। ਦੁਸਹਿਰੇ ਦੇ ਤਿਉਹਾਰ ਮੌਕੇ ਨਰਾਤਿਆਂ ਦੌਰਾਨ ਵੱਡੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਰਾਮ ਲੀਲ੍ਹਾ ਦਾ ਆਯੋਜਨ ਕੀਤਾ ਜਾਂਦਾ ਹੈ ਜੋ ਰਾਮ ਲੀਲ੍ਹਾ ਖੇਡੇ ਜਾਣ ਵਾਲੇ ਅਸਥਾਨ ਤੇ ਵੱਡੇ ਰੌਣਕ ਮੇਲੇ ਦਾ ਸਬੱਬ ਬਣਦਾ ਹੈ। ਨੌਂ ਨਰਾਤਿਆਂ ਤੋਂ ਬਾਅਦ ਦਸਵੇਂ ਦਿਨ ਨੂੰ ਵਿਜੈ ਦਸ਼ਮੀ ਅਰਥਾਤ ਦੁਸਹਿਰੇ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਬਦੀ ਉੱਤੇ ਨੇਕੀ ਦੀ ਜਿੱਤ ਦੇ ਸੰਕੇਤ ਵਜੋਂ ਮਾਨਤਾ ਪ੍ਰਾਪਤ ਹੈ। ਇਸ ਦਿਨ ਮੇਲੇ ਤੇ ਜੁੜੇ ਵੱਡੇ ਭਾਰੀ ਲੋਕ ਇਕੱਠਾਂ ਦੀ ਹਾਜ਼ਰੀ ਵਿੱਚ ਬਦੀ ਦੇ ਪ੍ਰਤੀਕ ਰਾਵਣ ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨ ਭੇਟ ਕੀਤਾ ਜਾਂਦਾ ਹੈ। ਅੱਸੂ ਤੋਂ ਅਗਲਾ ਮਹੀਨਾ ਕੱਤਕ ਦਾ ਆਉਂਦਾ ਹੈ।

ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਦੇ ਦਿਨਾਂ ਵਿੱਚ ਦੇਸੀ ਕੈਲੰਡਰ ਅਨੁਸਾਰ **ਕੱਤਕ** ਦਾ ਮਹੀਨਾ ਚੱਲਦਾ ਹੈ। ਇਹ ਮਹੀਨਾ ਰੁਝੇਵਿਆਂ ਭਰਪੂਰ ਹੁੰਦਾ ਹੈ। ਸਾਉਣੀ ਦੀਆਂ ਫਸਲਾਂ ਸਾਂਭਣ ਦੇ ਨਾਲ-ਨਾਲ ਹਾੜੀ ਦੀਆਂ ਫਸਲਾਂ ਦੀ ਬਿਜਾਈ ਵੀ ਇਸੇ ਮਹੀਨੇ ਕੀਤੀ ਜਾਂਦੀ ਹੈ। ਇਸ ਲਈ ਕਿਸਾਨ ਭਰਾਵਾਂ ਦਾ ਇਸ ਮਹੀਨੇ ਉੱਕਾ ਹੀ ਵੇਹਲ ਨਹੀਂ ਹੁੰਦਾ। ਕਹਿੰਦੇ ਹਨ ਇਸ ਮਹੀਨੇ ਤਾਂ ਜੱਟ ਨੇ ਆਪਣੀ ਮਰੀ ਮਾਂ ਵੀ ਭੜੋਲੇ ਵਿੱਚ ਪਾ ਕੇ ਰੱਖ ਲਈ ਸੀ ਤੇ ਆਖ ਦਿੱਤਾ ਸੀ ਕਿ ਵੇਹਲ ਲੱਗਣ ਤੇ ਲਾਸ਼ ਕਿਉਂਟ ਲਈ ਜਾਵੇਗੀ। ਇਹ ਸਿਰਫ਼ ਇੱਕ ਇਸ਼ਾਰਾ ਹੈ ਕਿ ਕਿਸਾਨੀ ਦਾ ਕਿੱਤਾ ਕਰਨ ਵਾਲਿਆਂ ਕੋਲ ਇਸ ਮਹੀਨੇ ਕਰਨ ਵਾਲੇ ਕਿੰਨੇ ਕੰਮ ਹੁੰਦੇ ਹਨ। ਇਸ ਮਹੀਨੇ ਵਿੱਚ ਮਨਾਏ ਜਾਣ ਵਾਲੇ ਤਿਉਹਾਰ ਵੀ ਕਾਫੀ ਗਿਣਤੀ ਵਿੱਚ ਆਉਂਦੇ ਹਨ। ਕੱਤਕ ਮਹੀਨੇ ਦੀ ਮੱਸਿਆ ਨੂੰ ਦਿਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹਿੰਦੂ ਇਸ ਤਿਉਹਾਰ ਨੂੰ ਸ੍ਰੀ ਰਾਮ ਚੰਦਰ ਜੀ ਦੇ ਲਛਮਣ ਅਤੇ ਸੀਤਾ ਸਮੇਤ ਅਯੁੱਧਿਆ ਵਾਪਸ ਪਹੁੰਚਣ ਦੀ ਖੁਸ਼ੀ ਵਿੱਚ ਮਨਾਉਂਦੇ ਹਨ ਜਦ ਕਿ ਸਿੱਖ ਇਸ ਤਿਉਹਾਰ ਨੂੰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਜੇਲ੍ਹ ਤੋਂ ਰਿਹਾਈ ਅਤੇ ਉਨ੍ਹਾਂ ਵਲੋਂ ਬਵੰਜਾ ਰਾਜਿਆਂ ਨੂੰ ਜੇਲ੍ਹ ਵਿਚੋਂ ਬਾਹਰ ਲੈ ਕੇ ਆਉਣ ਦੀ ਖੁਸ਼ੀ ਵਿੱਚ ਬੰਦੀ ਛੋੜ ਦਿਵਸ ਵਜੋਂ ਮਨਾਉਂਦੇ ਹਨ। ਕੱਤਕ ਦੀ ਪੂਰਨਮਾਸ਼ੀ ਨੂੰ ਸਿੱਖਾਂ ਵੱਲੋਂ ਪਹਿਲੇ ਪਾਤਿਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਕਰਵਾ ਚੌਥ ਦਾ ਵਰਤ ਵੀ ਇਸੇ ਮਹੀਨੇ ਸੁਹਾਗਣ ਔਰਤਾਂ ਵਲੋਂ ਰੱਖਿਆ ਜਾਂਦਾ ਹੈ ਜੋ ਉਨ੍ਹਾਂ ਦੇ ਪਤੀ ਦੀ ਲੰਮੀ ਉਮਰ ਲਈ ਰੱਖਿਆ ਜਾਂਦਾ ਹੈ। ਮੌਸਮ ਦੇ ਲਿਹਾਜ਼ ਨਾਲ ਇਹ ਮਹੀਨਾ ਬਹੁਤ ਸੁਹਾਵਣਾ ਗਿਣਿਆ ਜਾਂਦਾ ਹੈ। ਮੱਠੀ ਮੱਠੀ ਠੰਢ ਗਰਮੀਆਂ ਤੋਂ ਬਾਅਦ ਬਹੁਤ ਚੰਗੀ ਤੇ ਪਿਆਰੀ ਲੱਗਦੀ ਹੈ। ਹਾਲਾਂਕਿ ਇਸ ਮਹੀਨੇ ਦਰਖਤਾਂ ਦੇ ਪੱਤੇ ਝੜਨ ਲੱਗ ਪੈਂਦੇ ਹਨ ਪਰ ਮੌਸਮ ਬਸੰਤ ਵਾਂਗ ਹੀ ਖੁਸ਼ਗਵਾਰ ਹੁੰਦਾ ਹੈ। ਰਾਤਾਂ ਦੀ ਲੰਬਾਈ ਵਧਣ ਲੱਗਦੀ ਹੈ। ਅਕਾਸ਼ ਨਿਰਮਲ ਤੇ ਸਾਫ਼ ਹੁੰਦਾ ਹੈ। ਪਹਿਲੇ ਸਮਿਆਂ ਵਿੱਚ ਕੱਤਕ ਦੇ ਮਹੀਨੇ ਪਿੰਡਾਂ ਦੇ ਛਪੜਾਂ ਅਤੇ ਛੰਭਾਂ ਅਤੇ ਨਦੀਆਂ ਨਾਲਿਆਂ ਦੇ ਕੰਢਿਆਂ ਤੇ ਕੂੰਜਾਂ ਡੇਰੇ ਆ ਲਾਉਂਦੀਆਂ ਸਨ ਜੋ ਸਥਾਨਕ ਵਾਸੀਆਂ ਦਾ ਧਿਆਨ ਆਪਣੇ ਵੱਲ ਖਿੱਚਦੀਆਂ ਸ਼ੇਖ ਫਰੀਦ ਜੀ ਨੇ ਵੀ ਇਸ ਸੰਬੰਧੀ ਗਵਾਹੀ ਭਰਦਿਆਂ 'ਕਤਿਕ ਕੂੰਜਾਂ ਚੇਤਿ ਡਉ' ਲਿਖਿਆ ਹੈ। ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਅਨੇਕਾਂ ਲਿਖਾਰੀਆਂ ਵਲੋਂ ਕੱਤਕ ਦੀ ਮਹਿਮਾ ਗਾਇਨ ਕੀਤੀ ਗਈ ਹੈ।

ਮੱਘਰ, ਪੋਹ—ਮੱਘਰ ਦੇ ਮਹੀਨੇ ਸਰਦੀ ਸ਼ੁਰੂ ਹੋ ਜਾਂਦੀ ਹੈ। ਦਿਨ ਛੋਟੇ ਹੋ ਜਾਂਦੇ ਹਨ ਅਤੇ ਰਾਤਾਂ ਲੰਮੀਆਂ। ਫਸਲਾਂ ਬੀਜੀਆਂ ਜਾ ਚੁੱਕੀਆਂ ਹੁੰਦੀਆਂ ਹਨ। ਇਸ ਲਈ ਕਿਸਾਨ ਘਰਾਂ ਵਿੱਚ ਮੁਖ ਕੰਮ ਪਸ਼ੂਆਂ ਨੂੰ ਸਾਂਭਣ, ਉਨ੍ਹਾਂ ਨੂੰ ਅੰਦਰ ਬਾਹਰ ਕਰਨ, ਕੱਖ ਪੱਠਾ ਪਾਉਣ ਅਤੇ ਧਾਰਾਂ ਚੋਣ ਆਦਿ ਦਾ ਹੀ ਹੁੰਦਾ ਹੈ। ਇਸ ਲਈ ਇਹ ਦਿਨ ਸੁਖ ਲੈਣ ਦੇ ਹੁੰਦੇ ਹਨ। ਪੰਜਾਬ ਦੇ ਪਿੰਡਾਂ ਵਿੱਚ ਇਸ ਮਹੀਨੇ ਸਰੀਰ ਨੂੰ ਗਰਮ ਰੱਖਣ ਅਤੇ ਤਾਕਤ ਵਧਾਉਣ ਵਾਲੇ

ਪਦਾਰਥ ਜਿਵੇਂ ਅਲਸੀ, ਮੇਥੇ, ਖੋਆ ਆਦਿ ਪਾ ਕੇ ਪਿੰਨੀਆਂ ਬਣਾਏ ਜਾਂਦੇ ਹਨ। ਦੁੱਧ ਇਸ ਮਹੀਨੇ ਵਾਧੂ ਹੁੰਦਾ ਹੈ ਕਿਉਂਕਿ ਹਰਾ ਚਾਰਾ ਆਮ ਹੋ ਜਾਂਦਾ ਹੈ। ਬਜ਼ਾਰਾਂ ਵਿੱਚ ਰੇੜ੍ਹੀਆਂ ਆਦਿ ਤੇ ਗੈਰ ਸ਼ਾਕਾਹਾਰੀ ਚੀਜ਼ਾਂ ਜਿਵੇਂ ਮੱਛੀ, ਮੁਰਗਾ ਆਂਡੇ ਆਦਿ ਆਮ ਮਿਲਣ ਲੱਗਦੇ ਹਨ ਅਤੇ ਇਨ੍ਹਾਂ ਦਾ ਜ਼ੋਰ ਦਿਨ-ਬ-ਦਿਨ ਵਧਦਾ ਹੈ। ਪੰਜਾਬੀ ਇਨ੍ਹਾਂ ਦਿਨਾਂ ਵਿੱਚ ਵਧੀਆ ਖੁਰਾਕਾਂ ਖਾ ਕੇ ਆਪਣੀ ਸਿਹਤ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਵਿਆਹ ਸ਼ਾਦੀਆਂ ਵਾਸਤੇ ਵੀ ਇਹ ਮਹੀਨਾ ਵਧੀਆ ਗਿਣਿਆ ਗਿਆ ਹੈ। ਮਿਲਾਪੜੇ ਅਤੇ ਸਮਾਗਮੀ ਦਿਨ ਗਿਣੇ ਜਾਂਦੇ ਹਨ ਇਸ ਮਹੀਨੇ ਦੇ। ਲੋਕ ਸਵੈਟਰ ਜਰਸੀਆਂ ਅਤੇ ਹੋਰ ਗਰਮ ਕੱਪੜੇ ਪਹਿਨਣੇ ਸ਼ੁਰੂ ਕਰ ਦਿੰਦੇ ਹਨ। ਰਾਤਾਂ ਨੂੰ ਉੱਪਰ ਲੈਣ ਵਾਸਤੇ ਰਜਾਈਆਂ ਅਤੇ ਕੰਬਲ ਵਰਤੋਂ ਵਿੱਚ ਆਉਣ ਲੱਗਦੇ ਹਨ।

ਮੱਘਰ ਤੋਂ ਬਾਅਦ ਪੋਹ ਦਾ ਮਹੀਨਾ ਆਉਂਦਾ ਹੈ। ਇਹ ਮਹੀਨਾ ਭਰ ਸਰਦੀ ਦਾ ਗਿਣਿਆਂ ਜਾਂਦਾ ਹੈ। ਇਸ ਮਹੀਨੇ ਸਾਲ ਵਿੱਚ ਸਭ ਤੋਂ ਛੋਟੇ ਦਿਨ ਅਤੇ ਸਭ ਤੋਂ ਲੰਮੀਆਂ ਰਾਤਾਂ ਹੁੰਦੀਆਂ ਹਨ। ਕੋਰਾ ਅਤੇ ਧੁੰਦ ਇਸ ਮਹੀਨੇ ਦੀਆਂ ਵਿਸ਼ੇਸ਼ਤਾਵਾਂ ਹਨ। ਸਿੱਖ ਇਤਿਹਾਸ ਵਿੱਚ ਇਸ ਮਹੀਨੇ ਨੂੰ ਸ਼ਹੀਦੀਆਂ ਦਾ ਮਹੀਨਾ ਕਰਕੇ ਜਾਣਿਆ ਜਾਂਦਾ ਹੈ। ਇਸੇ ਮਹੀਨੇ ਜੰਗ ਚਮਕੌਰ ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ, ਪੰਜਾਂ ਪਿਆਰਿਆਂ ਵਿਚੋਂ ਤਿੰਨ ਅਤੇ ਹੋਰ ਕਈ ਸਿੰਘ ਸ਼ਹੀਦ ਹੋਏ। ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤਾ। ਮਾਤਾ ਗੁਜਰੀ ਜੀ ਨੇ ਠੰਡੇ ਬੁਰਜ ਵਿੱਚ ਕੈਦ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ। ਛੋਟੇ ਸਾਹਿਬਜ਼ਾਦਿਆਂ ਦੀ ਦੁੱਧ ਨਾਲ ਸੇਵਾ ਕਰਨ ਵਾਲੇ ਬਾਬਾ ਮੋਤੀ ਰਾਮ ਮਹਿਰਾ ਨੂੰ ਪਰਿਵਾਰ ਸਮੇਤ ਕੋਹਲੂ ਵਿੱਚ ਪੀੜ ਕੇ ਸੂਬਾ ਸਰਹਿੰਦ ਦੇ ਹੁਕਮਾਂ ਨਾਲ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹੀਦੀਆਂ ਕਾਰਨ ਇਸ ਮਹੀਨੇ ਦੀ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹਾਨਤਾ ਹੈ। ਇਸ ਮਹੀਨੇ ਦੇ ਆਖਰੀ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਮਾਘ ਫੱਗਣ—ਮਾਘ ਮਹੀਨੇ ਦੀ ਸੰਗਰਾਂਦ ਨੂੰ ਮਾਘੀ ਕਿਹਾ ਜਾਂਦਾ ਹੈ। ਪੁਰਾਤਨ ਸਮਿਆਂ ਤੋਂ ਮਾਘੀ ਦਾ ਦਿਹਾੜਾ ਸ਼ੁੱਭ ਮੰਨਿਆ ਜਾਂਦਾ ਹੈ। ਇਸ ਦਿਨ ਵਿਸ਼ੇਸ਼ ਤੌਰ ਤੇ ਧਾਰਮਿਕ ਸਥਾਨਾਂ ਸਥਿਤ ਸਰੋਵਰਾਂ ਅਤੇ ਧਾਰਮਿਕ ਮਹੱਤਵ ਰੱਖਦੇ ਨਦੀਆਂ ਕੰਢੇ ਵਾਲੇ ਅਸਥਾਨਾਂ ਤੇ ਇਸ਼ਨਾਨ ਕਰਨ ਦਾ ਖਾਸ ਮਹੱਤਵ ਮੰਨਿਆ ਜਾਂਦਾ ਹੈ। ਲੋਹੜੀ ਅਤੇ ਮਾਘੀ ਦੇ ਤਿਉਹਾਰ ਕੇਵਲ ਇੱਕ ਦਿਨ ਦੇ ਫਰਕ ਨਾਲ ਇਕੱਠੇ ਹੀ ਆਉਂਦੇ ਹਨ। ਪਰ ਲੋਹੜੀ ਅੱਗ ਸੇਕ ਕੇ ਮਨਾਈ ਜਾਂਦੀ ਹੈ। ਮੂੰਗਫਲੀ ਰਿਉੜੀਆਂ ਆਦਿ ਗਰਮ ਤਾਸੀਰ ਦੇ ਪਦਾਰਥ ਖਾਧੇ ਜਾਂਦੇ ਹਨ। ਪਰ ਮਾਘ ਦੀ ਪਹਿਲੀ ਸਵੇਰ ਨੂੰ ਹੀ ਲੋਹੜੀ ਵਾਲੇ ਦਿਨ ਗੰਨੇ ਦੇ ਰਸ ਨਾਲ ਰਿੰਨੀ ਗਈ ਖੀਰ ਜੋ ਕਿ ਸਵੇਰ ਤੱਕ ਠੰਢੀ ਹੋ ਗਈ ਹੁੰਦੀ ਹੈ ਵਿੱਚ ਦਹੀਂ ਆਦਿ ਮਿਲਾ ਕੇ ਖਾਧੀ ਜਾਂਦੀ ਹੈ ਜਿਸ ਦੀ ਤਾਸੀਰ ਠੰਢੀ ਹੁੰਦੀ ਹੈ। ਪੰਜਾਬ ਵਿੱਚ ਮੁਕਤਸਰ ਦਾ ਮਾਘੀ ਮੇਲਾ ਬਹੁਤ ਮਸ਼ਹੂਰ ਹੈ। ਇਹ ਮੇਲਾ ਚਾਲ੍ਹੀ ਮੁਕਤਿਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਪੰਜਾਬ ਦੇ ਲੋਕ ਦੂਰੋਂ ਦੂਰੋਂ ਆ ਕੇ ਮੁਕਤਸਰ ਸਾਹਿਬ ਵਿਖੇ ਪਹੁੰਚ ਚਾਲ੍ਹੀ ਮੁਕਤਿਆਂ ਦੀ ਕੁਰਬਾਨੀ ਨੂੰ ਆਪਣੀ ਸ਼ਰਧਾ ਅਤੇ ਅਕੀਦਤ ਦੇ ਫੁੱਲ ਭੇਟ ਕਰਦੇ ਹਨ। ਇਹ ਉਹੀ ਚਾਲ੍ਹੀ ਮੁਕਤੇ ਸਨ ਜੋ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਸਾਥ ਛੱਡ ਕੇ ਚਲੇ ਗਏ ਸਨ ਅਤੇ ਜਿਨ੍ਹਾਂ ਨੂੰ ਮਾਈ ਭਾਗੋ ਨੇ ਵੰਗਾਰ ਕੇ ਫਿਰ ਮੈਦਾਨ-ਏ-ਜੰਗ ਵਿੱਚ ਲਿਆਂਦਾ ਸੀ। ਮਾਈ ਭਾਗੋ ਖੁਦ ਵੀ ਇਸ ਜੰਗ ਵਿੱਚ ਸ਼ਹੀਦ ਹੋਈ। ਇਸ ਸਬੰਧੀ ਆਸਾ ਸਿੰਘ ਘੁਮਾਣ ਦੀ ਟਿੱਪਣੀ ਦਰਜ ਕਰਨੀ ਕੁਥਾਵੇਂ ਨਹੀਂ ਹੋਵੇਗਾ।—"ਇਹ ਚਿੰਤਾ ਜ਼ਾਹਰ ਕਰਨੀ ਵੀ ਜਾਇਜ਼ ਹੋਵੇਗੀ ਕਿ ਪੰਜਾਬੀ ਲੋਕ ਤਾਂ ਪਹਿਲਾਂ ਹੀ ਇਤਿਹਾਸ ਪੱਖੋਂ ਗਾਫ਼ਲ ਹਨ। ਮਸਲਨ, ਪੰਜਾਬੀ ਬੱਚੇ 'ਖੂਬ ਲੜੀ ਮਰਦਾਨੀ, ਵੋ ਤੋ ਝਾਂਸੀ ਵਾਲੀ ਰਾਣੀ ਥੀ' ਬਾਰੇ ਤਾਂ ਜਾਣਦੇ ਹੋਣਗੇ ਜੋ ਦੇਸ ਦੀ ਅਜ਼ਾਦੀ ਲਈ ਨਹੀਂ ਸਗੋਂ ਆਪਣੀ ਰਿਆਸਤ ਨੂੰ ਬਚਾਉਣ ਲਈ ਮੁਤਬੰਨਾ ਐਕਟ ਖਿਲਾਫ਼ ਲੜੀ ਪਰ ਮਾਈ ਭਾਗੋ ਇਤਿਹਾਸ ਵਿੱਚ ਇਕੱਲੀ ਐਸੀ ਮਿਸਾਲ ਹੈ, ਜਿਸ ਵਿੱਚ ਸ਼ਰਧਾ ਧਰਮ ਅਤੇ ਅਣਖ ਖਾਤਰ ਕਿਸੇ ਪੰਜਾਬਣ ਨੇ ਘੋੜ ਸਵਾਰ ਹੋ ਕੇ, ਹੱਥ ਤਲਵਾਰ ਫੜ ਮਰਦ ਭਰਾਵਾਂ ਦੇ ਟੁੱਟੇ ਹੌਂਸਲੇ ਬੁਲੰਦ ਕੀਤੇ ਅਤੇ ਆਪਣੀ ਜਾਨ ਵਾਰ ਦਿੱਤੀ।" ਪੰਜਾਬ ਵਿੱਚ ਹੋਰ ਵੀ ਕਈ ਥਾਵਾਂ ਤੇ ਲੋਕ ਮਾਘੀ ਦਾ ਤਿਉਹਾਰ ਮਨਾਉਂਦੇ ਹਨ। ਬਸੰਤ ਪੰਚਮੀ ਦਾ ਤਿਉਹਾਰ ਵੀ ਇਸ ਮਹੀਨੇ ਵਿੱਚ ਆ ਜਾਂਦਾ ਹੈ। ਸਰਦੀ ਦਾ ਮੌਸਮ ਜਾਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਤਾਂ ਕਹਾਵਤ ਬਣੀ ਹੈ, 'ਆਈ ਬਸੰਤ ਪਾਲਾ ਉਡੰਤ।' ਬਸੰਤ ਰੁਤ ਦੇ ਹੁਲਾਰਿਆਂ ਦਾ ਅੰਦਾਜ਼ਾ ਇਸ ਲੋਕ ਅਖਾਣ ਤੋਂ ਭਲੀ ਭਾਂਤ ਲੱਗ ਜਾਂਦਾ ਹੈ 'ਸਦਾ ਦਿਵਾਲੀ ਸਾਧ ਦੀ ਅੱਠੇ ਪਹਿਰ ਬਸੰਤ।'

ਮਾਘ ਦੇ ਨਾਲ ਹੀ ਇਸ ਦੇ ਖਤਮ ਹੋਣ ਤੇ ਸਾਲ ਦਾ ਆਖਰੀ ਮਹੀਨਾ **ਫੱਗਣ** ਚੜ੍ਹ ਪੈਂਦਾ ਹੈ। ਬਹਾਰ ਦਾ ਮੌਸਮ ਹੋਣ ਕਰਕੇ ਇਹ ਮਹੀਨਾ ਮਨੁੱਖੀ ਮਨ ਵਾਸਤੇ ਮਿਲਾਪਾਂ ਵਾਲਾ ਮੰਨਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਬਾਰਾਂ ਮਾਹਿਆਂ ਵਿੱਚ ਚੇਤ ਤੋਂ ਲੈ ਕੇ ਮਾਘ ਮਹੀਨੇ ਤੱਕ ਵਿਯੋਗ ਦੀ ਗੱਲ ਕੀਤੀ ਗਈ ਹੈ। ਹਾਲਾਂਕਿ ਮਹੀਨਾ ਚੇਤ ਦਾ ਵੀ ਬਸੰਤ ਰੁੱਤ ਦਾ ਭਾਗ ਹੀ ਗਿਣਿਆ ਜਾਂਦਾ ਹੈ। ਪਰ ਗੱਲ ਵਿਯੋਗ ਦੀ ਹੀ ਕੀਤੀ ਗਈ ਹੈ—

ਚੜ੍ਹਿਆ ਚੇਤਰ ਨਹੀਂ ਘਰ ਜਾਨੀਂ, ਰੋ ਰੋ ਧਾਹਾਂ ਮਾਰਾਂ ਮੈਂ।

ਪਰੰਤੂ ਫੱਗਣ ਜੋ ਕਿ ਸਾਲ ਦਾ ਆਖਰੀ ਮਹੀਨਾ ਹੈ ਇਸ ਨੂੰ ਪਿਆਰੇ ਨਾਲ ਮਿਲਾਪ ਦਾ ਮਹੀਨਾ ਮੰਨਿਆ ਹੈ। ਬਰਖੁਰਦਾਰ ਦੇ ਸ਼ਬਦਾਂ ਵਿੱਚ—

ਜਬ ਚੜ੍ਹਿਆ ਮਹੀਨਾ ਫਾਗਣ
ਮਿਲਿਆ ਕੰਤ ਆਏ ਘਰ ਸਾਜਣ
ਲਾਗੇ ਦੂਖ ਦਰਦ ਸਭ ਭਾਗਣ
ਲਾਗੇ ਕਰਮ ਅਸਾਡੇ ਜਾਗਣ।

ਗੁਰਬਾਣੀ ਵਿੱਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ—

ਫਲਗੁਣਿ ਅਨੰਦ ਉਪਾਰਜਨਾ,
ਹਰਿ ਸਾਜਣ ਪ੍ਰਗਟੇ ਆਇ॥

ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਫੱਗਣ ਦੇ ਮਹੀਨੇ ਦੀ ਇਨ੍ਹਾਂ ਸ਼ਬਦਾਂ ਨਾਲ ਵਡਿਆਈ ਕੀਤੀ ਹੈ—

ਫੱਗਣ ਮਾਹ ਮੁਬਾਰਕ ਚੜ੍ਹਿਆ,
ਬੈਠੀ ਤਖਤ ਬਸੰਤੋ ਰਾਣੀ।
ਰੂਪ ਚੜ੍ਹ ਗਿਆ ਫੁੱਲਾਂ ਉੱਤੇ,
ਫਸਲ ਫਲਾਂ ਜਵਾਨੀ ਮਾਣੀ।

ਹੋਲੀ, ਸ਼ਿਵਰਾਤਰੀ ਆਦਿ ਤਿਉਹਾਰ ਇਸ ਮਹੀਨੇ ਵਿੱਚ ਆਉਂਦੇ ਹਨ। ਇਸ ਮਹੀਨੇ ਚਾਰੇ ਪਾਸੇ ਸਰ੍ਹੋਂ ਦੇ ਫੁੱਲਾਂ ਦੀ ਖੁਸ਼ਬੋਈ ਅਤੇ ਪੀਲੇ ਫੁੱਲ ਦੇਖਣ ਨੂੰ ਨਜ਼ਰ ਆਉਂਦੇ ਹਨ।

ਸਹੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

1. ਕਰਜ਼ੇ ਦੀ ਪੰਡ, ਰਿਉੜੀਆਂ ਦੀ ਵੰਡ

ਅੱਜਕੱਲ੍ਹ ਸਿਆਸਤ ਦਾ ਇੱਕ ਨਵਾਂ ਫਾਰਮੂਲਾ ਬਹੁਤ ਚੱਲ ਪਿਆ ਹੈ– ਪਹਿਲਾਂ ਕਰਜ਼ਾ ਲਓ, ਫਿਰ ਉਸੇ ਪੈਸੇ ਨਾਲ ਲੋਕਾਂ ਨੂੰ ਮੁਫ਼ਤ ਰਿਉੜੀਆਂ ਵੰਡੋ ਅਤੇ ਅਗਲੀਆਂ ਚੋਣਾਂ ਦੀ ਤਿਆਰੀ ਕਰੋ। ਜਿਵੇਂ ਕੋਈ ਪਰਿਵਾਰ ਘਰ



ਦਾ ਗੁਜ਼ਾਰਾ ਚਲਾਉਣ ਦੀ ਬਜਾਏ ਗੁਆਂਢੀਆਂ ਤੋਂ ਕਰਜ਼ਾ ਲੈ ਕੇ ਹਰ ਰੋਜ਼ ਦਾਅਵਤਾਂ ਦੇਵੇ, ਓਸੇ ਤਰ੍ਹਾਂ ਸਰਕਾਰੀ ਖਜ਼ਾਨੇ ਦਾ ਹਾਲ ਬਣਦਾ ਜਾ ਰਿਹਾ ਹੈ।

ਸਰਕਾਰਾਂ ਇਹ ਦੱਸਦੀਆਂ ਹਨ ਕਿ ਉਹ ਲੋਕਾਂ ਦੀ ਭਲਾਈ ਕਰ ਰਹੀਆਂ ਹਨ। ਪਰ ਸਵਾਲ ਇਹ ਹੈ ਕਿ ਜੇ ਭਲਾਈ ਕਰਜ਼ੇ ਦੇ ਸਹਾਰੇ ਹੀ ਹੋਣੀ ਹੈ ਤਾਂ ਉਸ ਕਰਜ਼ੇ ਦੀ ਕਿਸ਼ਤ ਕੌਣ ਭਰੇਗਾ? ਜਵਾਬ ਸਾਫ਼ ਹੈ ਆਉਣ ਵਾਲੀਆਂ ਪੀੜ੍ਹੀਆਂ। ਅੱਜ ਦੀਆਂ ਤਾਲੀਆਂ ਦੇ ਬਦਲੇ ਕੱਲ੍ਹ ਦੇ ਨੌਜਵਾਨਾਂ ਦੇ ਸਿਰ ਕਰਜ਼ੇ ਦਾ ਬੋਝ ਰੱਖਣਾ ਕੀ ਸਿਆਣਪ ਹੈ?

ਮੁਫ਼ਤ ਸਹੂਲਤਾਂ ਉਨ੍ਹਾਂ ਲਈ ਜ਼ਰੂਰੀ ਹਨ ਜੋ ਅਸਲ ਵਿੱਚ ਲੋੜਵੰਦ ਹਨ। ਪਰ ਜਦੋਂ ਹਰ ਚੀਜ਼ ਨੂੰ 'ਮੁਫ਼ਤ' ਦੇ ਨਾਂ 'ਤੇ ਵੋਟਾਂ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਲੋਕ-ਭਲਾਈ ਅਤੇ ਵੋਟ-ਭਲਾਈ ਵਿਚਕਾਰ ਦੀ ਲਕੀਰ ਧੁੰਦਲੀ ਹੋ ਜਾਂਦੀ ਹੈ। ਇਹ ਨੀਤੀ ਕੁਝ ਸਮੇਂ ਲਈ ਲੋਕਪ੍ਰਿਯ ਹੋ ਸਕਦੀ ਹੈ, ਪਰ ਆਰਥਿਕਤਾ ਲਈ ਘਾਤਕ ਸਾਬਤ ਹੋ ਸਕਦੀ ਹੈ।

ਸੂਬੇ ਨੂੰ ਰਿਉੜੀਆਂ ਨਹੀਂ, ਰੁਜ਼ਗਾਰ ਚਾਹੀਦਾ ਹੈ; ਕਰਜ਼ੇ ਨਹੀਂ, ਨਿਵੇਸ਼ ਚਾਹੀਦਾ ਹੈ; ਐਲਾਨ ਨਹੀਂ, ਮਜ਼ਬੂਤ ਆਰਥਿਕ ਨੀਤੀ ਚਾਹੀਦੀ ਹੈ। ਜੇ ਨੌਜਵਾਨਾਂ ਨੂੰ ਕੰਮ ਮਿਲੇਗਾ, ਕਿਸਾਨ ਨੂੰ ਫਸਲ ਦਾ ਵਾਜਬ ਮੁੱਲ ਮਿਲੇਗਾ, ਉਦਯੋਗ ਨੂੰ ਹੌਸਲਾ ਮਿਲੇਗਾ ਅਤੇ ਸਿੱਖਿਆ ਤੇ ਸਿਹਤ ਮਜ਼ਬੂਤ ਹੋਣਗੇ ਤਾਂ ਲੋਕਾਂ ਨੂੰ ਰਿਉੜੀਆਂ ਦੀ ਲੋੜ ਹੀ ਨਹੀਂ ਰਹੇਗੀ।

ਲੋਕਤੰਤਰ ਵਿੱਚ ਵੋਟ ਦੀ ਕੀਮਤ ਬਹੁਤ ਵੱਡੀ ਹੈ। ਇਸ ਨੂੰ ਮੁਫ਼ਤ ਤੋਹਫ਼ਿਆਂ ਨਾਲ ਨਹੀਂ, ਸਗੋਂ ਸੁਚੱਜੇ ਪ੍ਰਸਾਸ਼ਨ, ਇਮਾਨਦਾਰ ਨੀਤੀਆਂ ਅਤੇ ਟਿਕਾਊ ਵਿਕਾਸ ਨਾਲ ਜਿੱਤਣਾ ਚਾਹੀਦਾ ਹੈ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਰਿਉੜੀਆਂ ਤਾਂ ਮੁੱਕ ਜਾਣਗੀਆਂ, ਪਰ ਕਰਜ਼ੇ ਦੀ ਪੰਡ ਹਰ ਨਾਗਰਿਕ ਦੇ ਮੋਢਿਆਂ 'ਤੇ ਰਹਿ ਜਾਵੇਗੀ।

2. ਅਮਰੀਕਾ ਨਾਲ ਵਪਾਰ ਸਮਝੌਤਾ ਅਤੇ ਪੰਜਾਬੀ ਕਿਸਾਨ

ਭਾਰਤ-ਅਮਰੀਕਾ ਵਪਾਰ ਸਮਝੌਤਾ ਪੰਜਾਬੀ ਕਿਸਾਨਾਂ ਲਈ ਇੱਕ ਪਾਸੇ ਮੌਕੇ ਅਤੇ ਦੂਜੇ ਪਾਸੇ ਚੁਣੌਤੀਆਂ ਲਿਆ ਸਕਦਾ ਹੈ। ਜੇ ਇਸ ਸਮਝੌਤੇ ਨਾਲ ਬਾਸਮਤੀ, ਫਲਾਂ, ਸਬਜ਼ੀਆਂ ਅਤੇ ਪ੍ਰੋਸੈਸ ਕੀਤੇ ਖਾਦ ਪਦਾਰਥਾਂ ਦੀ ਬਰਾਮਦ ਵਧਦੀ ਹੈ, ਤਾਂ ਕਿਸਾਨਾਂ ਨੂੰ ਬਿਹਤਰ ਕੀਮਤਾਂ ਅਤੇ ਨਵੇਂ ਬਾਜ਼ਾਰਾਂ ਤੱਕ ਪਹੁੰਚ ਮਿਲ ਸਕਦੀ ਹੈ। ਇਸ ਦੇ ਨਾਲ ਖੇਤੀ ਖੇਤਰ ਵਿੱਚ ਆਧੁਨਿਕ ਤਕਨਾਲੋਜੀ ਅਤੇ ਨਿਵੇਸ਼ ਦੇ ਨਵੇਂ ਮੌਕੇ ਵੀ ਉਪਲਬਧ ਹੋ ਸਕਦੇ ਹਨ।

ਹਾਲਾਂਕਿ, ਅਮਰੀਕਾ ਆਪਣੇ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਪ੍ਰਦਾਨ ਕਰਦਾ ਹੈ। ਜੇ ਸਮਝੌਤੇ ਦੇ ਤਹਿਤ ਸਸਤਾ ਅਨਾਜ ਜਾਂ ਡੇਅਰੀ ਉਤਪਾਦ ਭਾਰਤ ਵਿੱਚ ਆਉਣ ਲੱਗੇ, ਤਾਂ ਪੰਜਾਬ ਦੇ ਕਣਕ, ਮੱਕੀ ਅਤੇ ਦੁੱਧ ਉਤਪਾਦਕ ਕਿਸਾਨਾਂ ਨੂੰ ਨੁਕਸਾਨ ਹੋ ਸਕਦਾ ਹੈ। ਇਸ ਦਾ ਸਭ ਤੋਂ ਵੱਧ ਪ੍ਰਭਾਵ ਛੋਟੇ ਅਤੇ ਦਰਮਿਆਨੇ ਕਿਸਾਨਾਂ 'ਤੇ ਪੈਣ ਦੀ ਸੰਭਾਵਨਾ ਹੈ। "ਪੰਜਾਬੀ ਕਿਸਾਨ ਨੂੰ ਮੁਫ਼ਤ ਰਿਉੜੀਆਂ ਨਹੀਂ, ਬਰਾਬਰੀ ਦਾ ਬਾਜ਼ਾਰ ਚਾਹੀਦਾ ਹੈ; ਅਜਿਹਾ ਵਪਾਰ ਸਮਝੌਤਾ ਜੋ ਉਸਦੀ ਫਸਲ ਨੂੰ ਦੁਨੀਆਂ



ਤੱਕ ਲੈ ਜਾਵੇ, ਨਾ ਕਿ ਦੁਨੀਆ ਦੀ ਸਬਸਿਡੀ ਵਾਲੀ ਫਸਲ ਨੂੰ ਉਸਦੇ ਘਰ ਤੱਕ।"

ਇਸ ਲਈ, ਵਪਾਰ ਸਮਝੌਤਾ ਕਰਦੇ ਸਮੇਂ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੰਜਾਬੀ ਕਿਸਾਨਾਂ ਦੇ ਹਿੱਤਾਂ ਦੀ ਪੂਰੀ ਤਰ੍ਹਾਂ ਸੁਰੱਖਿਆ ਹੋਵੇ। ਉਨ੍ਹਾਂ ਨੂੰ ਵਿਸ਼ਵ ਪੱਧਰੀ ਮੁਕਾਬਲੇ ਲਈ ਤਿਆਰ ਕੀਤਾ ਜਾਵੇ, ਫਸਲਾਂ ਦੀ ਵਿਭਿੰਨਤਾ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਜ਼ਰੂਰਤ ਪੈਣ 'ਤੇ ਉਚਿਤ ਸੁਰੱਖਿਆ ਪ੍ਰਬੰਧ ਵੀ ਕੀਤੇ ਜਾਣ। ਵਪਾਰ ਸਮਝੌਤਿਆਂ ਦਾ ਉਦੇਸ਼ ਸਿਰਫ਼ ਬਾਜ਼ਾਰ ਖੋਲ੍ਹਣਾ ਨਹੀਂ, ਸਗੋਂ ਕਿਸਾਨਾਂ ਦੀ ਆਮਦਨ ਅਤੇ ਭਵਿੱਖ ਨੂੰ ਸੁਰੱਖਿਅਤ ਕਰਨਾ ਵੀ ਹੋਣਾ ਚਾਹੀਦਾ ਹੈ।

3. ਪੰਜਾਬ ਕਾਂਗਰਸ ਦਾ ਕਾਟੋ-ਕਲੇਸ਼ : ਵਿਰੋਧੀ ਨਹੀਂ, ਆਪਣੇ ਹੀ ਸਭ ਤੋਂ ਵੱਡੇ ਚੁਣੌਤੀਕਾਰ

ਪੰਜਾਬ ਕਾਂਗਰਸ ਇਸ ਸਮੇਂ ਵਿਰੋਧੀ ਪਾਰਟੀਆਂ ਨਾਲੋਂ ਘੱਟ ਅਤੇ ਆਪਣੇ ਹੀ ਅੰਦਰੂਨੀ ਕਲੇਸ਼ ਨਾਲ ਵੱਧ ਜੂਝ ਰਹੀ ਹੈ। ਇੱਕ ਪਾਸੇ ਸੂਬੇ ਦੇ ਲੋਕ ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ ਅਤੇ ਖੇਤੀ ਸੰਕਟ ਵਰਗੇ ਗੰਭੀਰ ਮੁੱਦਿਆਂ 'ਤੇ ਮਜਬੂਤ ਵਿਰੋਧੀ ਧਿਰ ਦੀ ਉਮੀਦ ਕਰਦੇ ਹਨ, ਪਰ ਦੂਜੇ ਪਾਸੇ ਕਾਂਗਰਸ ਦੇ ਆਗੂ ਆਪਸੀ ਬਿਆਨਬਾਜ਼ੀ ਅਤੇ ਗੁੱਟਬੰਦੀ ਵਿੱਚ ਹੀ ਉਲਝੇ ਹੋਏ ਨਜ਼ਰ ਆ ਰਹੇ ਹਨ।

ਕਿਸੇ ਵੀ ਰਾਜਨੀਤਿਕ ਪਾਰਟੀ ਲਈ ਵਿਚਾਰਾਂ ਦਾ ਮਤਭੇਦ ਸੁਭਾਵਿਕ ਗੱਲ ਹੈ, ਪਰ ਜਦੋਂ ਇਹ ਮਤਭੇਦ ਜਨਤਕ ਤੌਰ 'ਤੇ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਦੀ ਹੋੜ ਬਣ ਜਾਵੇ ਤਾਂ ਪਾਰਟੀ ਦੀ ਸਾਖ਼ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਪੰਜਾਬ ਕਾਂਗਰਸ ਵਿੱਚ ਇਹੀ ਦ੍ਰਿਸ਼ ਕਈ ਸਾਲਾਂ ਤੋਂ ਵਾਰ-ਵਾਰ ਸਾਹਮਣੇ ਆ ਰਿਹਾ ਹੈ। ਹਰ ਧੜਾ ਆਪਣੇ ਆਪ ਨੂੰ ਅਸਲੀ ਕਾਂਗਰਸ ਦੱਸਣ ਵਿੱਚ ਲੱਗਾ ਹੈ, ਜਦਕਿ ਆਮ ਵਰਕਰ ਅਤੇ ਵੋਟਰ ਉਲਝਣ ਵਿੱਚ ਹਨ ਕਿ ਆਖਿਰ ਪਾਰਟੀ ਦੀ ਅਸਲ ਦਿਸ਼ਾ ਕੀ ਹੈ।

ਰਾਜਨੀਤੀ ਵਿੱਚ ਲੋਕਾਂ ਦਾ ਭਰੋਸਾ ਸਿਰਫ਼ ਨਾਅਰਿਆਂ ਨਾਲ ਨਹੀਂ, ਸਗੋਂ ਏਕਤਾ, ਅਨੁਸਾਸ਼ਨ ਅਤੇ ਭਰੋਸੇਯੋਗ ਲੀਡਰਸ਼ਿਪ ਨਾਲ ਬਣਦਾ ਹੈ। ਜੇਕਰ ਵਿਰੋਧੀ ਧਿਰ ਹੀ ਆਪਸੀ ਖਿੱਚਤਾਣ ਵਿੱਚ ਫਸੀ ਰਹੇ ਤਾਂ ਸੱਤਾਧਾਰੀ ਧਿਰ ਲਈ ਰਾਜਨੀਤਿਕ ਮੈਦਾਨ ਹੋਰ ਵੀ ਆਸਾਨ ਹੋ ਜਾਂਦਾ ਹੈ। ਇਸ ਤਰ੍ਹਾਂ ਸਭ ਤੋਂ ਵੱਡਾ ਨੁਕਸਾਨ ਲੋਕਤੰਤਰ ਨੂੰ ਹੁੰਦਾ ਹੈ, ਕਿਉਂਕਿ ਇੱਕ ਮਜਬੂਤ ਵਿਰੋਧੀ ਧਿਰ ਲੋਕਤੰਤਰ ਦੀ ਲੋੜ ਹੁੰਦੀ ਹੈ।

ਕਾਂਗਰਸ ਦੇ ਕੇਂਦਰੀ ਆਗੂਆਂ ਨੂੰ ਸਮਝਣਾ ਪਵੇਗਾ ਕਿ ਪੰਜਾਬ ਵਰਗੇ ਸੰਵੇਦਨਸ਼ੀਲ ਸੂਬੇ ਵਿੱਚ ਸਿਰਫ਼ ਚਿਹਰੇ ਬਦਲਣ ਨਾਲ ਗੱਲ ਨਹੀਂ ਬਣੇਗੀ। ਪਾਰਟੀ ਨੂੰ ਅਜਿਹੀ ਕਾਰਜ-ਸੰਸਕ੍ਰਿਤੀ ਵਿਕਸਿਤ ਕਰਨੀ ਪਵੇਗੀ ਜਿਸ ਵਿੱਚ ਨਿੱਜੀ ਮਹੱਤਵਾਕਾਂਖਾਵਾਂ ਨਾਲੋਂ ਸੰਗਠਨ ਅਤੇ ਲੋਕ ਹਿੱਤ ਪਹਿਲਾਂ ਆਉਣ।

ਜੇ ਪੰਜਾਬ ਕਾਂਗਰਸ ਸਮੇਂ ਸਿਰ ਆਪਣੇ ਅੰਦਰਲੇ ਕਾਟੋ-ਕਲੇਸ਼ ਨੂੰ ਖਤਮ ਕਰਕੇ ਇੱਕਜੁੱਟ ਨਹੀਂ ਹੁੰਦੀ, ਤਾਂ ਆਉਣ ਵਾਲੀਆਂ ਚੋਣਾਂ ਵਿੱਚ ਉਸ ਨੂੰ ਵਿਰੋਧੀਆਂ ਨਾਲੋਂ ਵੱਧ ਆਪਣੇ ਅੰਦਰੂਨੀ ਵਿਵਾਦਾਂ ਦੀ ਕੀਮਤ ਚੁਕਾਉਣੀ ਪੈ ਸਕਦੀ ਹੈ। ਲੋਕ ਹੁਣ ਆਪਸੀ ਲੜਾਈ ਨਹੀਂ, ਸਗੋਂ ਮੁੱਦਿਆਂ 'ਤੇ ਸਪੱਸ਼ਟ ਨੀਤੀ ਅਤੇ ਜ਼ਿੰਮੇਵਾਰ ਵਿਕਲਪ ਦੇਖਣਾ ਚਾਹੁੰਦੇ ਹਨ।



• • •

ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।

ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ - ਜੂਨ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) ਗ੍ਰਾਮੀਨ ਬੈਂਕ ਕਪੂਰਥਲਾ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਜੂਨ ਮਹੀਨੇ ਦੀ ਕੁੱਲ ਆਮਦਨ 4,54,712.22/- ਰੁਪਏ

ਜੂਨ ਮਹੀਨੇ ਦਾ ਕੁੱਲ ਖਰਚਾ 4,93,485.76 /- ਰੁਪਏ

ਸਮੂਹ ਮੈਂਬਰ ਸਾਹਿਬਾਨ ਜੀ ਦੀ ਜਾਣਕਾਰੀ ਹਿੱਤ ਮੁੱਖ-ਮੁੱਖ ਖਰਚਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਕਰਮਚਾਰੀਆਂ ਦਾ ਮਹੀਨਾਵਾਰ ਮਾਣਭੱਤਾ ਅਤੇ ਓਵਰ-ਟਾਈਮ	1,61,789.00
ਰੀਪੇਅਰ ਅਤੇ ਮੈਂਟੀਨੈਂਸ ਦਾ ਖਰਚਾ	59,261.12
ਪਾਣੀ ਦਾ ਬਿੱਲ	14,027.66
ਬਿਜਲੀ ਦਾ ਬਿੱਲ	17,343.00
ਲੁਬਾਣਾ ਬਰਾਦਰੀ ਦੇ ਸ. ਗੁਰਿੰਦਰ ਵੀਰ ਸਿੰਘ ਨੂੰ 100 ਮੀਟਰ ਦੌੜ ਵਿੱਚ ਦੇਸ਼ ਦਾ ਸਭ ਤੋਂ ਤੇਜ਼ ਦੌੜਾਕ ਬਣਨ 'ਤੇ ਉਸ ਦੀ ਹੌਂਸਲਾ ਅਫ਼ਜਾਈ ਲਈ ਫਾਊਂਡੇਸ਼ਨ ਵੱਲੋਂ ਦਿੱਤੀ ਗਈ ਰਾਸ਼ੀ।	1,00,000.00
ਲੁਬਾਣਾ ਬਰਾਦਰੀ ਦੇ ਰਾਸ਼ਟਰੀ ਪੱਧਰ ਦੇ ਨਾਮਣਾ ਖੱਟਣ ਵਾਲੇ ਬੈਡਮਿੰਟਨ ਖਿਡਾਰੀ ਸ. ਫ਼ਤਿਹ ਸਿੰਘ ਅਤੇ ਸ. ਜ਼ੋਰਾਵਰ ਸਿੰਘ ਨੂੰ ਹੌਂਸਲਾ ਅਫਜਾਈ ਲਈ ਫਾਊਂਡੇਸ਼ਨ ਵੱਲੋਂ ਦਿੱਤੀ ਗਈ ਰਾਸ਼ੀ।	5100.00 5,100.00
ਹਾੜ ਮਹੀਨੇ ਦੀ ਸੰਗਰਾਂਦ ਅਤੇ ਮਹੀਨਾਵਾਰੀ ਪ੍ਰੋਹਣਾਚਾਰੀ	25,435.00
ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 76ਵੀਂ ਬਰਸੀ ਤੇ ਖਰਚਾ	91,166.00
ਫ਼ੁੱਟਕਲ ਖਰਚਾ	14263.98
ਕੁੱਲ ਖਰਚਾ	**4,93,485.76**

2. ਜੂਨ (ਹਾੜ) ਮਹੀਨੇ ਦੀ ਸੰਗਰਾਂਦ ਦਾ ਪਾਵਨ ਸਮਾਗਮ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ 30ਏ, ਚੰਡੀਗੜ੍ਹ ਵਿਖੇ ਮਿਤੀ 15.06.2026 ਨੂੰ ਹਾੜ ਮਹੀਨੇ ਦੀ ਸੰਗਰਾਂਦ ਦਾ ਪਾਵਨ ਦਿਹਾੜਾ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਪਾਵਨ ਸਮਾਗਮ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਚਰਨਾਂ ਵਿੱਚ ਆਪਣੀ ਸ਼ਰਧਾ ਭੇਟ ਕੀਤੀ। ਕੀਰਤਨੀ ਜੱਥੇ ਨੇ ਗੁਰਬਾਣੀ ਦਾ ਰਸਭਿੰਨਾ ਅਤੇ ਸੁਰਮਈ ਕੀਰਤਨ ਕਰਕੇ ਸਮੂਹ ਸੰਗਤ ਨੂੰ ਅਧਿਆਤਮਿਕ ਅਨੰਦ ਨਾਲ ਨਿਹਾਲ ਕਰ ਦਿੱਤਾ। ਸਮੁੱਚਾ ਦੀਵਾਨ ਗੁਰਬਾਣੀ ਦੇ ਰੰਗ ਵਿੱਚ ਰੰਗਿਆ ਰਿਹਾ ਅਤੇ ਸੰਗਤ ਨੇ ਨਾਮ ਬਾਣੀ ਨਾਲ ਜੁੜ ਕੇ ਆਤਮਿਕ ਸ਼ਾਂਤੀ ਦਾ ਅਨੁਭਵ ਕੀਤਾ। ਸਮਾਗਮ ਦੇ ਅੰਤ ਵਿੱਚ ਅਰਦਾਸ ਉਪਰੰਤ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ, ਜਿਸ ਦਾ ਸਮੂਹ ਸੰਗਤ ਨੇ ਪ੍ਰੇਮ ਅਤੇ ਸਤਿਕਾਰ ਨਾਲ ਪ੍ਰਸ਼ਾਦ ਰੂਪ ਵਿੱਚ ਆਨੰਦ ਮਾਣਿਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ 30ਏ, ਚੰਡੀਗੜ੍ਹ ਵੱਲੋਂ ਚਲਾਇਆ ਜਾ ਰਿਹਾ ਡੈਂਟਲ ਕਲੀਨਿਕ ਸੰਗਤ ਦੀ ਸੇਵਾ ਲਈ ਨਿਰੰਤਰ ਸਮਰਪਿਤ ਹੈ। ਡਾ. ਅਕਸੈ ਠਾਕੁਰ (ਐੱਮ.ਡੀ.ਐੱਸ.) ਵੱਲੋਂ ਬੜੀ ਲਗਨ, ਸੁਚੱਜੇ ਪ੍ਰਬੰਧ ਅਤੇ ਸੇਵਾ ਭਾਵਨਾ ਨਾਲ ਇਸ ਕਲੀਨਿਕ ਦਾ ਸੰਚਾਲਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਮਾਹਰ ਸਲਾਹ ਅਤੇ ਉੱਚ ਪੱਧਰੀ ਦੰਦਾਂ ਦੀ ਜਾਂਚ ਅਤੇ ਇਲਾਜ ਸਦਕਾ ਵੱਡੀ ਗਿਣਤੀ ਵਿੱਚ ਸੰਗਤਾਂ ਇਸ ਸੇਵਾ ਦਾ ਲਾਭ ਪ੍ਰਾਪਤ ਕਰ ਰਹੀਆਂ ਹਨ। ਫਾਊਂਡੇਸ਼ਨ ਵੱਲੋਂ ਸਿਹਤ ਸੇਵਾ ਦੇ ਖੇਤਰ ਵਿੱਚ ਕੀਤਾ ਜਾ ਰਿਹਾ ਇਹ ਉਪਰਾਲਾ ਸੰਗਤ ਲਈ ਬਹੁਤ ਹੀ ਲਾਭਕਾਰੀ ਅਤੇ ਸ਼ਲਾਘਾਯੋਗ ਸਾਬਤ ਹੋ ਰਿਹਾ ਹੈ, ਜਿਸ ਦੀ ਸੰਗਤ ਵੱਲੋਂ ਭਰਪੂਰ ਪ੍ਰਸੰਸ਼ਾ ਕੀਤੀ ਜਾ ਰਹੀ ਹੈ।

4. **ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਜੀ ਦੀ 76ਵੀਂ ਬਰਸੀ ਬਾਰੇ** - ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਬਰਸੀ ਮਿਤੀ 21 ਜੂਨ 2026 (ਦਿਨ ਐਤਵਾਰ) ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ 30ਏ, ਚੰਡੀਗੜ੍ਹ ਵਿਖੇ ਬੜੀ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਈ ਗਈ। ਇਸ ਪਾਵਨ ਸਮਾਗਮ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ, ਜੰਮੂ-ਕਸ਼ਮੀਰ ਅਤੇ ਹੋਰ ਵੱਖ-ਵੱਖ ਸੂਬਿਆਂ ਤੋਂ ਪਹੁੰਚੀਆਂ ਸੰਗਤਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੇ ਮਹਾਨ ਜੀਵਨ, ਸੇਵਾਵਾਂ ਅਤੇ ਉਪਦੇਸ਼ਾਂ ਨੂੰ ਸਿਮਰਿਆ।

ਧਾਰਮਿਕ ਦੀਵਾਨ ਦੌਰਾਨ ਭਾਈ ਨਿਰਭੈ ਸਿੰਘ ਜੀ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੇ ਗੁਰਬਾਣੀ ਦਾ ਰਸਭਿੰਨਾ ਅਤੇ ਆਤਮਿਕ ਕੀਰਤਨ ਕਰਕੇ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ ਅਤੇ ਨਾਮ-ਰਸ ਨਾਲ ਨਿਹਾਲ ਕੀਤਾ। ਇਸ ਤੋਂ ਪਹਿਲਾਂ ਭਾਈ ਤਜਿੰਦਰ ਸਿੰਘ ਜੀ, ਚੰਡੀਗੜ੍ਹ ਨੇ ਵੀ ਆਪਣੇ ਮਿੱਠੇ ਅਤੇ ਮਨਮੋਹਕ ਕੀਰਤਨ ਰਾਹੀਂ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ।

ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਬੀਬੀ ਜਗੀਰ ਕੌਰ ਜੀ, ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਡਾ. ਦਲਜੀਤ ਸਿੰਘ ਚੀਮਾ ਜੀ, ਸਾਬਕਾ ਮੰਤਰੀ, ਪੰਜਾਬ ਸਰਕਾਰ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਕਮੇਟੀ ਮੈਂਬਰ ਸ. ਕੁਲਦੀਪ ਸਿੰਘ ਮੁਲਤਾਨੀ ਅਤੇ ਸ. ਰਜਿੰਦਰ ਸਿੰਘ ਬਰਾੜ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸ. ਦੀਪਕ ਲੁਬਾਣਾ, ਪ੍ਰਧਾਨ ਯੂਥ ਕਾਂਗਰਸ, ਚੰਡੀਗੜ੍ਹ ਨੇ ਵੀ ਸਮਾਗਮ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਈ।

ਇਸ ਮੌਕੇ ਭਾਰਤ ਦੇ ਸਭ ਤੋਂ ਤੇਜ ਦੌੜਾਕ ਵਜੋਂ ਨਵੀਂ ਪਛਾਣ ਬਣਾਉਣ ਵਾਲੇ ਗੁਰਿੰਦਰ ਵੀਰ ਸਿੰਘ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੇ ਕੋਚ ਵੀ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਗੁਰਿੰਦਰ ਵੀਰ ਸਿੰਘ ਜੀ ਦੀ ਇਸ ਵਿਲੱਖਣ ਪ੍ਰਾਪਤੀ ਦੇ ਸਨਮਾਨ ਵਜੋਂ ਇੱਕ ਲੱਖ ਰੁਪਏ ਦਾ ਚੈੱਕ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

ਇਸੇ ਤਰ੍ਹਾਂ ਡਾ. ਜਸਕਰਨ ਸਿੰਘ ਅਤੇ ਡਾ. ਨਿਰਮਲਜੀਤ ਕੌਰ, ਜਿਨ੍ਹਾਂ ਨੇ ਵਿਸ਼ਵ ਟ੍ਰਾਂਸਪਲਾਂਟ ਗੇਮਜ ਵਿੱਚ ਭਾਗ ਲੈਂਦਿਆਂ ਕਈ ਸੋਨ ਤਗਮੇ ਜਿੱਤ ਕੇ ਦੇਸ਼, ਸਮਾਜ ਅਤੇ ਲੁਬਾਣਾ ਭਾਈਚਾਰੇ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ ਹੈ, ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸਨ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਬੈਡਮਿੰਟਨ ਦੇ ਖੇਤਰ ਵਿੱਚ ਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਨੌਜਵਾਨ ਖਿਡਾਰੀ ਫਤਿਹ ਸਿੰਘ ਅਤੇ ਜ਼ੋਰਾਵਰ ਸਿੰਘ ਨੂੰ ਵੀ ਵਿਸ਼ੇਸ਼ ਸਨਮਾਨ ਨਾਲ ਨਵਾਜ਼ਿਆ ਗਿਆ ।

ਸਮਾਗਮ ਦੇ ਅੰਤ ਵਿੱਚ ਫਾਊਂਡੇਸ਼ਨ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਪਹੁੰਚੀ ਸਮੂਹ ਸੰਗਤ, ਮਹਿਮਾਨਾਂ ਅਤੇ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਧਾਰਮਿਕ, ਸਮਾਜਿਕ ਅਤੇ ਕੌਮੀ ਸਮਾਗਮਾਂ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ। ਸਮੁੱਚਾ ਸਮਾਗਮ ਗੁਰਬਾਣੀ, ਸੇਵਾ, ਸਿਮਰਨ ਅਤੇ ਸੰਗਤ ਦੇ ਅਦੁੱਤੀ ਉਤਸ਼ਾਹ ਨਾਲ ਭਰਪੂਰ ਰਿਹਾ।

5. **ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ** - ਮਿਤੀ 21.06.2026 (ਦਿਨ ਐਤਵਾਰ) ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ 30ਏ, ਚੰਡੀਗੜ੍ਹ ਦੇ ਕਾਨਫਰੰਸ ਹਾਲ ਵਿੱਚ ਵਰਕਿੰਗ ਕਮੇਟੀ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਲਗਭਗ 16 ਮੈਂਬਰਾਂ ਨੇ ਹਾਜ਼ਰੀ ਭਰੀ ਅਤੇ ਸੰਸਥਾ ਦੇ ਵੱਖ-ਵੱਖ ਕਾਰਜਾਂ ਅਤੇ ਭਵਿੱਖੀ ਯੋਜਨਾਵਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਦੀ ਸ਼ੁਰੂਆਤ ਪਰੰਪਰਾ ਅਨੁਸਾਰ ਸੀਨੀਅਰ ਵਾਈਸ ਪ੍ਰਧਾਨ (ਹੈ.ਕੁ.) ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਵੱਲੋਂ ਗੁਰਮੰਤਰ ਅਤੇ ਮੂਲ ਮੰਤਰ ਦੇ ਜਾਪ ਨਾਲ ਕੀਤੀ ਗਈ। ਇਸ ਉਪਰੰਤ ਪ੍ਰਧਾਨ ਇੰਜ. ਭਗਵਾਨ ਸਿੰਘ ਲੁਬਾਣਾ ਅਤੇ ਜਨਰਲ ਸਕੱਤਰ ਸ. ਹਰਮਨਪ੍ਰੀਤ ਸਿੰਘ ਮੁਲਤਾਨੀ ਵੱਲੋਂ ਹਾਜ਼ਰ ਸਮੂਹ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਮਾਜ ਤੇ ਬਰਾਦਰੀ ਦੀ ਭਲਾਈ ਲਈ ਆਪਣਾ ਕੀਮਤੀ ਸਮਾਂ ਕੱਢ ਕੇ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਇਸ ਤੋਂ ਬਾਅਦ ਨਿਰਧਾਰਿਤ ਅਜੰਡੇ ਅਨੁਸਾਰ ਮੀਟਿੰਗ ਦੀ ਕਾਰਵਾਈ ਬਹੁਤ ਹੀ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਅੱਗੇ ਵਧਾਈ ਗਈ।

ਮੀਟਿੰਗ ਦੌਰਾਨ ਫਾਊਂਡੇਸ਼ਨ ਦੀ ਆਮਦਨ, ਖਰਚੇ ਅਤੇ ਵਿੱਤੀ ਸਥਿਤੀ ਦਾ ਵਿਸਥਾਰਪੂਰਵਕ ਵੇਰਵਾ ਫਾਊਂਡੇਸ਼ਨ ਦੇ ਵਿੱਤ ਸਕੱਤਰ ਸ. ਸੁਰਜੀਤ ਸਿੰਘ ਜੀ ਵੱਲੋਂ ਲਿਖਤੀ ਰੂਪ ਵਿੱਚ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਸਾਰੇ ਵਿੱਤੀ ਲੈਣ-ਦੇਣ ਅਤੇ ਖਰਚਿਆਂ ਦਾ ਬਹੁਤ ਹੀ ਵਿਸਥਾਰ ਅਤੇ ਪਾਰਦਰਸ਼ੀ ਢੰਗ ਨਾਲ ਵੇਰਵਾ ਸੰਗਤ ਅਤੇ ਕਮੇਟੀ ਮੈਂਬਰਾਂ ਦੇ ਸਾਹਮਣੇ ਰੱਖਿਆ, ਜਿਸ ਦੀ ਹਾਜ਼ਰ ਮੈਂਬਰਾਂ ਵੱਲੋਂ ਸ਼ਲਾਘਾ ਕੀਤੀ ਗਈ।

ਅੰਤ ਵਿੱਚ ਵੱਖ-ਵੱਖ ਮੁੱਦਿਆਂ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਦਿਆਂ ਲੋੜੀਂਦੇ ਫੈਸਲੇ ਲਏ ਗਏ ਅਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਮੀਟਿੰਗ ਸਫਲਤਾਪੂਰਵਕ ਸੰਪੰਨ ਹੋਈ।

6. ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ ਸਬੰਧੀ ਰਿਪੋਰਟ - ਫਾਇਰ ਫਾਈਟਿੰਗ ਐਨ.ਓ.ਸੀ. ਸਬੰਧੀ ਲੋੜੀਂਦੀਆਂ ਕਾਰਵਾਈਆਂ ਜਾਰੀ ਹਨ ਅਤੇ ਇਸ ਦੀ ਪ੍ਰਕਿਰਿਆ ਅੰਤਿਮ ਪੜਾਅ ਵਿੱਚ ਹੈ। ਇਸ ਦੌਰਾਨ ਭਾਈ ਮਨੀ ਸਿੰਘ ਬਲਾਕ ਵਿੱਚ ਸਥਾਪਿਤ ਸਾਰੇ ਫਾਇਰ ਫਾਈਟਿੰਗ ਉਪਕਰਨਾਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ (ਰਨਿੰਗ ਕੰਡੀਸ਼ਨ) ਬਣਾ ਦਿੱਤਾ ਗਿਆ ਹੈ। ਸਾਰੀਆਂ ਫਾਇਰ ਮੋਟਰਾਂ, ਪੰਪਾਂ ਅਤੇ ਕੰਟਰੋਲ ਪੈਨਲਾਂ ਦੀ ਲੋੜੀਂਦੀ ਮੁਰੰਮਤ ਅਤੇ ਸਰਵਿਸਿੰਗ ਕਰਵਾ ਕੇ ਉਨ੍ਹਾਂ ਨੂੰ ਸੁਚਾਰੂ ਢੰਗ ਨਾਲ ਚਾਲੂ ਕਰ ਦਿੱਤਾ ਗਿਆ ਹੈ। ਫਾਊਂਡੇਸ਼ਨ ਵੱਲੋਂ ਸੰਗਤ ਦੀ ਸੁਰੱਖਿਆ ਨੂੰ ਸਰਵਉੱਚ ਤਰਜੀਹ ਦਿੰਦਿਆਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਸਾਰੇ ਫਾਇਰ ਸੇਫਟੀ ਪ੍ਰਬੰਧ ਨਿਰਧਾਰਿਤ ਮਾਪਦੰਡਾਂ ਅਨੁਸਾਰ ਪੂਰੀ ਤਰ੍ਹਾਂ ਤਿਆਰ ਅਤੇ ਕਾਰਜਸ਼ੀਲ ਰਹਿਣ।

7. ਰਿਵਾਈਜ਼ਡ ਬਿਲਡਿੰਗ ਪਲਾਨ ਅਤੇ ਐੱਸ.ਟੀ.ਐੱਮ. (ਈਸਟ) ਸਬੰਧੀ ਰਿਪੋਰਟ - ਰਿਵਾਈਜ਼ਡ ਬਿਲਡਿੰਗ ਪਲਾਨ ਸਬੰਧੀ, ਜਿਵੇਂ ਕਿ ਪਿਛਲੀਆਂ ਰਿਪੋਰਟਾਂ ਵਿੱਚ ਵੀ ਜਾਣਕਾਰੀ ਸਾਂਝੀ ਕੀਤੀ ਗਈ ਸੀ, ਫਾਊਂਡੇਸ਼ਨ ਵੱਲੋਂ ਸੋਧਿਆ ਹੋਇਆ ਬਿਲਡਿੰਗ ਪਲਾਨ ਸਬੰਧਤ ਵਿਭਾਗ ਕੋਲ ਵਿਧੀਵਤ ਜਮ੍ਹਾਂ ਕਰਵਾਇਆ ਜਾ ਚੁੱਕਾ ਹੈ। ਮੌਜੂਦਾ ਸਥਿਤੀ ਅਨੁਸਾਰ, ਜਮ੍ਹਾਂ ਕਰਵਾਏ ਗਏ ਟ੍ਰੈਕਿੰਗ ਨੰਬਰ ਦੇ ਆਧਾਰ 'ਤੇ ਇਹ ਫਾਈਲ ਇਸ ਵੇਲੇ ਚੀਫ ਆਰਕੀਟੈਕਟ ਦਫਤਰ ਵਿੱਚ ਵਿਚਾਰ ਅਧੀਨ (Pending) ਹੈ। ਇਸ ਸਬੰਧੀ ਜਿਵੇਂ ਹੀ ਕੋਈ ਨਵੀਂ ਪ੍ਰਗਤੀ ਜਾਂ ਮਨਜ਼ੂਰੀ ਪ੍ਰਾਪਤ ਹੁੰਦੀ ਹੈ, ਉਸ ਦੀ ਜਾਣਕਾਰੀ ਸਮੇਂ ਸਿਰ ਸੰਗਤ ਅਤੇ ਸਮੂਹ ਮੈਂਬਰਾਂ ਨਾਲ ਸਾਂਝੀ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਐਸ.ਡੀ.ਐਮ. (ਈਸਟ) ਕੋਲ ਵਿਚਾਰ ਅਧੀਨ ਮਾਮਲੇ ਦੀ ਪਿਛਲੀ ਸੁਣਵਾਈ ਦੌਰਾਨ ਅਧਿਕਾਰੀਆਂ ਵੱਲੋਂ ਇਹ ਭਰੋਸਾ ਦਿੱਤਾ ਗਿਆ ਕਿ ਜਿਵੇਂ ਹੀ ਰਿਵਾਈਜ਼ਡ ਬਿਲਡਿੰਗ ਪਲਾਨ ਨੂੰ ਮਨਜ਼ੂਰੀ ਪ੍ਰਾਪਤ ਹੋਵੇਗੀ ਅਤੇ ਉਸ ਦੇ ਪ੍ਰਤੀ ਉਨ੍ਹਾਂ ਦੇ ਦਫਤਰ ਵਿੱਚ ਪੇਸ਼ ਕੀਤੀ ਜਾਵੇਗੀ, ਉਸ ਤੋਂ ਬਾਅਦ ਲੋੜੀਂਦੀ ਐਨ.ਓ.ਸੀ. ਜਾਰੀ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਦੀ ਅਗਲੀ ਸੁਣਵਾਈ ਸਤੰਬਰ 2026 ਵਿੱਚ ਨਿਰਧਾਰਤ ਕੀਤੀ ਗਈ ਹੈ। ਫਾਊਂਡੇਸ਼ਨ ਇਸ ਪੂਰੀ ਪ੍ਰਕਿਰਿਆ ਦੀ ਨਿਰੰਤਰ ਨਿਗਰਾਨੀ ਕਰ ਰਹੀ ਹੈ ਅਤੇ ਹਰ ਮਹੱਤਵਪੂਰਨ ਪ੍ਰਗਤੀ ਤੋਂ ਸਮੇਂ-ਸਮੇਂ 'ਤੇ ਸੰਗਤ ਨੂੰ ਜਾਣੂ ਕਰਵਾਉਂਦੀ ਰਹੇਗੀ।

8. ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਵੱਲੋਂ ਜੂਨ ਮਹੀਨੇ ਦੌਰਾਨ ਭਵਨ ਵਿੱਚ ਕਈ ਮਹੱਤਵਪੂਰਨ ਕੰਮਾਂ ਦਾ ਵੇਰਵਾ ਇਸ ਪ੍ਰਕਾਰ ਹੈ –

ਜੂਨ ਮਹੀਨੇ ਦੌਰਾਨ ਭਵਨ ਦੀ ਪ੍ਰਬੰਧਕ ਕਮੇਟੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਸਾਲਾਨਾ ਬਰਸੀ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਵਿੱਚ ਵਿਸ਼ੇਸ਼ ਤੌਰ 'ਤੇ ਰੁੱਝੀ ਰਹੀ। ਇਸ ਕਾਰਨ ਇਸ ਮਹੀਨੇ ਦੌਰਾਨ ਕੋਈ ਵੱਡੇ ਵਿਕਾਸ ਕਾਰਜ ਜਾਂ ਨਵੇਂ ਪ੍ਰੋਜੈਕਟ ਸ਼ੁਰੂ ਨਹੀਂ ਕੀਤੇ ਜਾ ਸਕੇ। ਫਿਰ ਵੀ ਭਵਨ ਦੀ ਸੁੰਦਰਤਾ, ਸਫਾਈ, ਹਰਿਆਵਲੀ ਅਤੇ ਰੱਖ-ਰਖਾਅ ਨੂੰ ਧਿਆਨ ਵਿੱਚ ਰੱਖਦਿਆਂ ਸਾਰੇ ਲੋੜੀਂਦੇ ਦੇਖਭਾਲ ਸੰਬੰਧੀ ਕੰਮ ਨਿਰੰਤਰ ਜਾਰੀ ਰਹੇ, ਤਾਂ ਜੋ ਆਉਣ ਵਾਲੇ ਸ਼ਰਧਾਲੂਆਂ ਅਤੇ ਸੰਗਤ ਨੂੰ ਇੱਕ ਸੁਚੱਜਾ, ਸਾਫ-ਸੁਥਰਾ ਅਤੇ ਸੁੰਦਰ ਵਾਤਾਵਰਣ ਪ੍ਰਾਪਤ ਹੋ ਸਕੇ। ਭਵਨ ਨਾਲ ਸੰਬੰਧਿਤ ਕੋਈ ਵੀ ਵਿਸ਼ੇਸ਼ ਉਪਲੱਬਧੀ ਜਾਂ ਮਹੱਤਵਪੂਰਨ ਕਾਰਜ ਹੋਣ 'ਤੇ ਉਸ ਬਾਰੇ ਸਮੇਂ-ਸਮੇਂ 'ਤੇ ਸੰਗਤ ਨੂੰ ਲੁਬਾਣਾ ਸੇਵਕ ਰਾਹੀਂ ਜਾਣੂ ਕਰਵਾਇਆ ਜਾਂਦਾ ਰਹੇਗਾ।

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਭਾਈ ਮਨਸੁਖ ਦਾ ਮਿਲਾਪ

ਲਾਹੌਰ ਵਿਚ ਇਕ ਬੜਾ ਧਨੀ ਵਪਾਰੀ ਮਨਸੁਖ ਨਾਮ ਕਰਕੇ ਸੀ। ਉਸ ਦੇ ਪਾਸ ਭਗੀਰਥ ਪੁੱਜਾ। ਆਪਣਾ ਮਨੋਰਥ, ਲੜਕੀ ਦੀ ਸ਼ਾਦੀ ਦੀ ਸਮੱਗਰੀ ਲੈਣ ਦਾ ਦੱਸਿਆ। ਸਮੱਗਰੀ ਵਾਲਾ ਕਾਗਦ ਅੱਗੇ ਰੱਖਿਆ ਤੇ ਕਿਹਾ ਕਿ ਸਮਾਨ ਚੰਗਾ ਹੋਵੇ ਤੇ ਪੈਸੇ ਭੀ ਘੱਟ ਲੱਗਣ। ਮਨਸੁਖ ਨੇ ਕਿਹ ਾਕਿ ਡੇਰਾ ਕਰੋ, ਇਕ ਦੋ ਦਿਨਾਂ ਵਿਚ ਸਭ ਸਮਾਨ ਤੁਹਾਨੂੰ ਲੈ ਦਿਆਂਗਾ। ਜੋ ਤਿਆਰ ਨਹੀਂ ਮਿਲੇਗਾ, ਉਹ ਤਿਆਰ ਕਰਾਂ ਲਵਾਂਗੇ। ਭਗੀਰਥ ਨੇ ਕਿਹਾ-ਸੱਜਣਾ, ਮੈਂ ਇੱਕ ਰਾਤ ਤੋਂ ਵੱਧ ਇਥੇ ਰਹਿ ਨਹੀਂ ਸਕਦਾ। ਮਨਸੁਖ ਨੇ ਕਿਹਾ-ਆਪਣਾ ਘਰ ਹੈ, ਤੁਹਾਨੂੰ ਕਿਸੇ ਗੱਲੋਂ ਡਰਨ ਦੀ ਲੋੜ ਨਹੀਂ। ਸਭ ਕੁੱਝ ਪਰਮਾਤਮਾ ਨੇ ਦਿੱਤਾ ਹੈ, ਉਸ ਦੀ ਬਖਸ਼ਿਸ਼ ਹੈ। ਭਗਗੀਥ ਨੇ ਕਿਹਾ-ਮਿੱਤਰਾ, ਮੈਨੂੰ ਇਕੋ ਰਾਤ ਰਹਿਣ ਦਾ ਹੁਕਮ ਹੈ। ਮਨਸੁਖ ਕਿਹਾ-ਹੁਕਮ ਕਿਸਦਾ ਹੈ, ਲੋਧੀ ਦਾ? ਭਗੀਰਥ ਨੇ ਕਿਹਾ-ਮੇਰਾ ਹਾਕਮ ਬਹੁਤ ਵੱਡਾ ਹੈ, ਜਿਸ ਦਾ ਹੁਕਮ ਮੰਨ ਕੇ ਮੈਂ ਸੁਖ ਪਾਇਆ ਹੈ, ਉਹ ਨਿਰੰਜਨੀ ਜੋਤ ਕਲਜੁਗ ਵਿਚ ਜੀਵਾਂ ਦਾ ਉਧਾਰ ਕਰਨ ਲਈ ਆਇਆ ਹੈ। ਜੋ ਸ਼ਰਧਾ ਧਾਰ ਕੇ ਪਿਆਰ ਕਰੇ ਉਹ ਲੋਕ ਪਰਲੋਕ ਵਿਚ ਸੁਖੀ ਹੋ ਜਾਂਦਾ ਹੈ। ਮਨਸੁਖ ਕਹਿਣ ਲੱਗਾ-ਕਲਜੁਗ ਵਿਚ ਤਾਂ ਬਹੁਤਾ ਅੱਜਕਲ੍ਹ ਪਖੰਡ ਦਾ ਹੀ ਬੋਲ-ਬਾਲਾ ਹੈ। ਜੇਕਰ ਸ਼ਰਧਾ ਧਾਰੇ ਤੋਂ ਬਿਨਾਂ ਮੈਂ ਪਰਤਾਵਾ ਲਵਾਂ ਤੇ ਮੇਰੀ ਤਸੱਲੀ ਹੋ ਜਾਵੇ ਤਾਂ ਮੈਂ ਮੰਨਾਂਗਾ। ਭਾਗੀਰਥ ਨੇ ਕਿਹਾ-ਠੀਕ ਹੈ, ਤੁਸੀਂ ਜੀਅ ਵਿਚ ਧਾਰੋ, ਪਰ ਜੇ ਤੁਹਾਡੀ ਤਸੱਲੀ ਹੋ ਜਾਵੇ ਤਾਂ ਤੁਸੀਂ ਮੰਨਿਉ। ਸਾਰਾ ਸਮਾਨ ਮਨਸੁਖ ਨੇ ਖਰੀਦ ਲਿਆ। ਮਨਸੁਖ ਭੀ ਨਾਲ ਤਿਆਰ ਹੋ ਗਿਆ। ਸਮਾਨ ਯੱਕੇ ਵਿਚ ਰੱਖਿਆ ਅਤੇ ਚੱਲ ਪਏ। ਦੋ ਰਾਤਾਂ ਰਸਤੇ ਵਿਚ ਲੱਗ ਗਈਆਂ। ਰਸਤੇ ਵਿਚ ਭਗੀਰਥ ਨੇ ਮਨਸੁਖ ਨੂੰ ਸਤਿਗੁਰਾਂ ਦੇ ਸਬੰਧ ਵਿਚ ਬੜਾ ਕੁਝ ਵਿਸਥਾਰ ਨਾਲ ਦੱਸਿਆ। ਸੁਲਤਾਨਪੁਰ ਪੁੱਜੇ। ਪਿਆਰ ਦੇ ਦੇਵਤੇ ਸਤਿਗੁਰੂ ਇਕ ਪਾਸੇ ਬੈਠੇ ਸਨ। ਦੋਹਾਂ ਨੇ ਨਿਮਸਕਾਰ ਕੀਤੀ। ਦੋਵੇਂ ਅਜੇ ਖੜ੍ਹੇ ਹੀ ਸਨ ਕਿ ਸਤਿਗੁਰਾਂ ਨੇ ਦੋਹਾਂ ਵੱਲ ਨਜ਼ਰ ਭਰ ਕੇ ਤੱਕਿਆ। ਕਹਿਣ ਲੱਗੇ-ਆ ਭਾਈ ਭਗੀਰਥ ਪਰਉਪਕਾਰੀ! ਸੌਦਾ ਲੈ ਆਏ ਹੋ ਅਤੇ ਇਕ ਜਗਯਾਸੂ ਭੀ ਨਾਲ ਵਿਹਾਜ ਲਿਆਏ ਹੋ। ਭਗੀਰਥ ਨੇ ਹੱਥ ਜੋੜ ਕੇ ਕਿਹਾ-ਪਾਤਸ਼ਾਹ! ਇਹ ਸਭ ਆਪ ਦੀ ਕਿਰਪਾ ਹੈ। ਮਨਸੁਖ ਵੱਲ ਤੱਕ ਕੇ ਸਤਿਗੁਰੂ ਕਹਿਣ ਲੱਗੇ-ਮਨਸੁਖ ਆਉ, ਜੀ ਆਇਆਂ ਨੂੰ। ਪਰਉਪਕਾਰੀ ਭਗੀਰਥ ਨੇ ਤੇਰੇ ਨਾਮ ਨੂੰ ਸਫਲਤਾ ਦੇ ਰਾਹ ਪਾ ਦਿੱਤਾ ਹੈ। ਭਗੀਰਥ ਨੇ ਸਾਰੀ ਸਮੱਗਰੀ ਅੱਗੇ ਰੱਖੀ, ਜੋ ਲੋੜਵੰਦ ਖੱਤਰੀ ਦੇ ਹਵਾਲੇ ਕੀਤੀ। ਮਨਸੁਖ ਨੂੰ ਨਾਲ ਲਿਆਉਣ ਦੀ ਸਾਰੀ ਗੱਲ ਸਤਿਗੁਰਾਂ ਨੂੰ ਦੱਸੀ ਕਿ ਇਹ ਚਾਹਵਾਨ ਹੈ ਆਪ ਜੀ ਦੀ ਚਰਨ ਸ਼ਰਨ ਆ ਗਿਆ ਹੈ। ਮਨਸੁਖ ਵੱਲ ਨਜ਼ਰ ਭਰ ਕੇ ਤੱਕਿਆ। ਮਨ ਦਾ ਪਰਤਾਵਾ ਜੋ ਉਸ ਨੇ ਚਿਤਵਿਆ ਸੀ ਕਿ ਜੇਕਰ ਸਤਿਗੁਰੂ ਸੱਚਾ ਹੈ ਤਾਂ ਮੈਨੂੰ ਮੇਰਾ ਨਾਮ ਲੈ ਕੇ ਅਵਾਜ਼ ਮਾਰਨ। ਸਤਿਗੁਰਾਂ ਨੇ ਇਸ ਨੂੰ ਦੇਖਦਿਆਂ ਹੀ ਇਸ ਦਾ ਨਾਮ ਲੈ ਕੇ ਪੁਕਾਰਿਆ। ਕੁਝ ਦਿਨ ਮਨਸੁਖ ਇਥੇ ਹੀ ਠਹਿਰ ਗਿਆ। ਸੰਗਤ ਦਾ ਅਨੰਦ ਮਾਣਦਿਆਂ ਰੋਜ਼ ਕੀਰਤਨ ਸੁਣਦਿਆਂ ਭਰਮ ਦੇ ਛੰਿਡ ਕੱਟੇ ਗਏ।

ਇਕ ਦਿਨ ਆਪ ਇਕੱਠੇ ਬੈਠੇ ਹੋਏ ਸਨ। ਮਨਸੁਖ ਨੇ ਚਰਨ ਆ ਪਕੜੇ, ਹੱਥ ਜੋੜ ਕੇ ਕਹਿਣ ਲੱਗਾ-ਮੈਂ ਮੂਰਖ ਦਾ ਭੀ ਨਿਸਤਾਰਾ ਕਰੋ। ਬੜੇ ਭਾਰੇ ਭਿਆਨਕ ਮਾਇਆ ਦੇ ਖਾਤੇ ਵਿਚ ਪਿਆ ਹੋਇਆਂ। ਤ੍ਰਿਸ਼ਨਾ ਨਾਲ ਮਨ ਨੱਠਾ ਫਿਰਦਾ ਹੈ। ਕਿਰਪਾ ਕਰੋ, ਮੇਰਾ ਉਧਾਰ ਕਰੋ। ਸਤਿਗੁਰੂ ਜੀ ਬੋਲੇ-ਮਨਸੁਖ ਤਿੰਨ ਗੱਲਾਂ ਪੱਲੇ ਬੰਨ੍ਹ ਲੈ। ਨਾਮ ਵਿਚ ਲਿਵ ਲਾਉਣੀ, ਹਉਮੈ ਨੂੰ ਜਿੱਤਣਾ, ਤੇ ਭਾਣੇ ਵਿਚ ਸੁਖ ਮਨਾਉਣਾ। ਨਾਮ ਦੀਆਂ ਗੱਲਾਂ ਤੰ ਸੁਣ ਚੁੱਕਾ ਹੈਂ। ਨਾਮ ਤੋਂ ਬਿਨਾਂ ਗੱਡੀ ਨਹੀਂ ਚਲੇਗੀ। ਨਾਮ ਜਪੋ। ਜਪਦਿਆਂ ਜਪਦਿਆਂ ਸਿਮਰਨ ਹੋ ਜਾਵੇਗਾ। ਸਿਮਰਨ, ਮਨ ਤੇ ਪ੍ਰਾਣਾਂ ਵਿਚ ਵੱਸ ਜਾਵੇਗਾ। ਇਸ ਤਰ੍ਹਾਂ ਪ੍ਰਵਾਹ ਵਿਚ ਟੁਰਦਿਆਂ ਮਾਇਆ ਦਾ ਮੋਹ ਕੱਟਿਆ ਜਾਵੇਗਾ ਤੇ ਸਾਈਂ ਦਾ ਪਿਆਰ ਹਿਰਦੇ ਵਿਚ ਜਾਗੇਗਾ। ਮਨ ਦਾ ਨੱਠਣਾ ਮਰਯਾਦਾ ਵਿਚ ਹੋ ਜਾਵੇਗਾ। ਇੰਦਰੇ ਮਨ ਦੇ ਵੱਸ ਵਿਚ ਰਹਿਣਗੇ। ਨਾਲ ਬਾਣੀ ਦਾ ਭੀ ਅਭਿਆਸ ਰੱਖੋ, ਇਸ ਨਾਲ ਮਨ ਟਿਕੇਗਾ ਤੇ ਅੰਦਰ ਠੰਢ ਵਰਤੇਗੀ।

ਚਲਦਾ

* * * * *

ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

3. **ਹਰਪੀਜ਼ (Herpes) ਜੇਨਿਊ :** ਸੱਜੀ ਅੱਖ ਦੀ ਗੱਨੀ ਤੋਂ ਸ਼ੁਰੂ ਹੋ ਕੇ ਮੱਥੇ ਤੋਂ ਹੁੰਦੀ ਹੋਈ ਸਿਰ ਦੇ ਵਾਲਾਂ ਤੱਕ ਜਾਂਦੀ ਛੋਟੀਆਂ-ਛੋਟੀਆਂ ਫਿਨਸੀਆਂ ਦੀ ਪੱਟੀ ਜਿਹੀ ਡਾ. ਪ੍ਰਿੰਸਜੀਤ ਸਿੰਘ ਸਰਗੋਧੀਆ ਨੇ ਮਿਤੀ 14-3-2013 ਨੂੰ ਡਾਇਗੋਨਾਜ਼ ਕੀਤੀ। ਇਹ ਕਈ ਹਿੰਦੂ ਧਰਮ ਦੇ ਪੰਡਤਾਂ ਦੇ ਗਲੇ ਵਿਚ ਪਾਏ ਸੂਤਰ ਦੇ ਜਨੇਊ ਵਾਂਗ ਸਰੀਰ ਦੇ ਖੱਬੇ ਜਾਂ ਸੱਜੇ ਪਾਸੇ ਵੀ ਹੋ ਸਕਦੀ ਹੈ। ਕਿਹਾ ਜਾਂਦਾ ਹੈ ਕਿ ਜੇ ਕਿਸੇ ਨੂੰ ਜੀਵਨ ਵਿਚ ਚੇਚਕ ਜਾਂ ਮਾਤਾ ਨਿਕਲੀ ਹੋਵੇ ਤਾਂ ਕੁਝ ਵਾਇਰਸ ਨਰਵਸ ਸਿਸਟਮ ਜਾਂ ਨਸਾਂ ਵਿਚ ਦਾਖਲ ਹੋ ਜਾਂਦਾ ਹੈ ਅਤੇ ਉੱਥੇ ਸਾਲਾਂਬੱਧੀ ਪਿਆ ਰਹਿੰਦਾ ਹੈ ਅਤੇ ਅੰਤ ਨੂੰ ਕਈ ਦਹਾਕਿਆਂ ਤੋਂ ਬਾਅਦ ਨਸਾਂ ਵਿਚੋਂ ਬਾਹਰ ਨਿਕਲ ਕੇ ਚਮੜੀ ਦੇ ਰੋਗ ਦੀ ਸ਼ਕਲ ਵਿਚ ਦੁਖੀ ਕਰਦਾ ਹੈ। ਮੈਨੂੰ ਬਚਪਨ ਵਿਚ ਵੱਡੀ ਮਾਤਾ ਨਿਕਲੀ ਸੀ। ਸ਼ਾਇਦ ਏਸੇ ਲਈ ਇਹ ਦੁਖ ਹੋਇਆ। ਬਹੁਤ ਦਰਦਨਾਕ ਰੋਗ ਹੈ। ਵਧਾਨ ਵੱਧ ਵੀ ਸਕਦਾ ਹੈ। ਕਈਆਂ ਦੀ ਤਾਂ ਨਜ਼ਰ ਵੀ ਚਲੀ ਜਾਂਦੀ ਹੈ। ਮੈਨੂੰ ਤਾਂ ਦਵਾਈਆਂ ਲੈਣ ਕਰਕੇ ਸਖ਼ਤ ਕਬਜ਼ ਨੇ ਬਹੁਤ ਤੰਗ ਕੀਤਾ। ਜ਼ਿਆਦਾਤਰ 50 ਸਾਲਾਂ ਤੋਂ ਵੱਧ ਉਮਰ ਵਾਲਿਆਂ ਨੂੰ ਹੁੰਦਾ ਹੈ। ਮੇਰੀ ਉਮਰ ਤਾਂ ਉਦੋਂ 88 ਸਾਲ ਦੀ ਸੀ। ਪਹਿਲਾਂ ਡਾਕਟਰ ਸਾਰੀਆਂ ਫਿਨਸੀਆਂ ਬਾਹਰ ਕੱਢਣ ਦੀ ਦਵਾਈ ਦੇਂਦਾ ਹੈ। ਫਿਰ ਇਹ ਫਲੂਹੇ ਕੁਝ ਦਿਨਾਂ ਬਾਅਦ ਖੁਸ਼ਕ ਹੋ ਕੇ ਖਰੀਂਡ ਬਣ ਜਾਂਦੇ ਹਨ ਜੋ ਤਿੰਨ-ਚਾਰ ਸਪਤਾਹ ਵਿਚ ਝੜ ਜਾਂਦੇ ਹਨ। ਪਰ ਮੇਰਾ ਤਾਂ ਤਿੰਨ ਮਹੀਨੇ ਇਲਾਜ ਚਲਦਾ ਰਿਹਾ। ਪ੍ਰਮਾਤਮਾ ਦਾ ਸ਼ੁਕਰ ਹੈ ਕਿ ਅੱਖ ਦੀ ਨਜ਼ਰ ਬੱਚ ਗਈ।

4. **ਗਲੇ 'ਚੋਂ ਆਵਾਜ਼ ਨਿਕਲਣੀ ਬੰਦ :** ਗਲੇ ਦੀ ਵੋਕਲ ਕਾਰਡ ਜਾਂ ਕਿਸੇ ਨਸ ਦੀ ਸੋਜ਼ਸ਼ ਕਾਰਨ ਕੁਝ ਮਹੀਨਿਆਂ ਲਈ ਗਲੇ 'ਚੋਂ ਆਵਾਜ਼ ਨਿਕਲਣੀ ਬੰਦ ਹੋ ਗਈ। ਇਹ ਵੀ ਬੜਾ ਦਿਲਚਸਪ ਅਤੇ ਨਵੀਂ ਕਿਸਮ ਦਾ ਰੋਗ ਸੀ। ਮੈਂ ਕਿਹਾ ਕੋਈ ਗੱਲ ਨਹੀਂ ਮੈਂ ਕਿਹੜੇ ਗੀਤ ਗਾਣੇ ਨੇ। ਮੇਰੀ ਗੱਲ ਹਰ ਇਕ ਨੂੰ ਮੇਰੇ ਕੋਲ ਆ ਕੇ ਸੁਣਨੀ ਪਵੇਗੀ। ਸਮਾਗਮਾਂ ਵਿਚ ਭਾਸ਼ਨ ਦੇਣ ਤੋਂ ਰਾਹਤ ਮਿਲ ਜਾਵੇਗੀ। ਗਲੇ ਦੇ ਡਾਕਟਰਾਂ ਨੇ ਕੋਈ ਦਵਾਈ ਵੀ ਨਹੀਂ ਸੀ ਦਿੱਤੀ। ਕੁਝ ਮਹੀਨਿਆਂ ਬਾਅਦ ਆਵਾਜ਼ ਮੁੜ ਆ ਗਈ ਅਤੇ ਗੱਲਬਾਤ ਪਹਿਲੇ ਵਾਂਗ ਨਾਰਮਲ ਹੋ ਗਈ। ਸੱਚਮੁੱਚ ਹੀ :- **ਜਿਸ ਕੇ ਸਿਰ ਊਪਰ ਤੂੰ ਸਵਾਮੀ ਸੋ ਦੁਖ ਕੈਸਾ ਪਾਵੇ।**

ਘਰ ਵਿਚ ਲੱਗੇ ਕੁਝ ਪੇੜ ਪੌਦੇ

ਰੁੱਖਾਂ ਬਾਬਤ ਸ਼ਿਵ ਕੁਮਾਰ ਬਟਾਲਵੀ ਨੇ ਬੜਾ ਖੂਬ ਕਿਹਾ ਹੈ :-

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲਗਦੇ ਮਾਵਾਂ।
ਕੁਝ ਰੁੱਖ ਨੂੰਹਾਂ ਧੀਆਂ ਲਗਦੇ, ਕੁਝ ਰੁੱਖ ਵਾਂਗ ਭਰਾਵਾਂ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਹੋਇਆ ਹੈ ਕਿ ਘਰ ਬਣਾਉਣ ਲਈ ਪਲਾਟ ਕਪੂਰਥਲਾ ਡਿਪਟੀ ਕਮਿਸ਼ਨਰ ਦੇ ਬੰਗਲੇ ਲਾਗੇ ਮਹਾਰਾਜਾ ਦੇ ਵੇਲੇ ਦੇ ਲੱਗੇ ਅਮੱਲਤਾਸ ਰੁੱਖਾਂ ਦੇ ਪੀਲੇ ਫੁੱਲਾਂ ਵਾਲੀ ਸੜਕ ਤੇ ਮਿਲ ਗਿਆ ਸੀ। ਕਿਹਾ ਜਾਂਦਾ ਹੈ ਕਿ ਪੀਲੇ ਫੁੱਲਾਂ ਵਾਲੇ ਅਮੱਲਤਾਸ ਅਤੇ ਲਾਲ ਫੁੱਲਾਂ ਵਾਲੇ ਗੁਲਮੁਹਰ ਦੇ ਲੱਗੇ ਰੁੱਖਾਂ ਦਾ ਮੇਲ ਹਰ ਸੜਕ ਨੂੰ ਸੁੰਦਰ ਬਣਾ ਦੇਂਦਾ ਹੈ। ਮੈਨੂੰ ਰੱਬ ਵੱਲੋਂ ਬਚਪਨ ਤੋਂ ਹੀ ਰੁੱਖਾਂ ਤੇ ਫੁੱਲਾਂ ਨਾਲ ਪਿਆਰ ਸੀ। ਮੈਨੂੰ ਯਾਦ ਹੈ ਕਿ ਪਿੰਡ ਦੇ ਸਕੂਲ ਵਿਚ ਲੱਗੇ (Calendula) ਗੁਲੇ ਅਸ਼ਰਫੀ ਫੁੱਲਾਂ ਦੀਆਂ ਕਿਆਰੀਆਂ ਵਿਚ ਪਾਉਣ ਲਈ ਬਕਰੀਆਂ ਦੀ ਰੂੜੀ ਪਿੰਡ ਵਿਚ ਬਕਰੀਆਂ ਵਾਲੇ ਘਰ ਤੋਂ ਲਿਆਇਆ ਕਰਦੇ ਸਾਂ। ਪਿੰਡ ਵਿਚ ਆਪਣੀ ਪਸ਼ੂਆਂ ਲਈ ਨਵੀਂ ਹਵੇਲੀ ਵਿਚ ਛਾਂ ਲਈ ਕਿਕਰਾਂ ਦੇ ਬੂਟੇ ਲਾ ਕੇ ਉਨ੍ਹਾਂ ਨੂੰ ਪਾਣੀ ਮੈਂ ਹੀ ਪਾਉਂਦਾ ਸਾਂ। ਮੇਰੇ ਬਾਪੂ (ਦਾਦਾ) ਜੀ ਨੇ ਆਪਣੇ ਖੂਹ ਤੇ ਕਿੱਕਰ ਅਤੇ ਟਾਹਲੀ ਦੇ ਛਾਂਦਾਰ ਰੁੱਖਾਂ ਦੇ ਬੂਟੇ ਮੇਰੇ ਹੱਥੋਂ ਹੀ ਲਗਵਾਏ ਸਨ।

ਸਰਵਿਸ ਦੌਰਾਨ ਸਿਰਮੌਰ ਯੂਨੀਵਰਸਿਟੀਆਂ ਅਤੇ ਪੰਜਾਬ ਦੇ ਚੋਟੀ ਦੇ ਸਰਕਾਰੀ ਕਾਲਜਾਂ ਨਾਲ ਜੁੜੇ ਰਹਿਣ ਸਦਕਾ ਰੁੱਖਾਂ ਅਤੇ ਬੂਟਿਆਂ ਨਾਲ ਪਿਆਰ ਹੋਰ ਵੱਧਦਾ ਗਿਆ। ਇਸ ਵਿਚ ਮੇਰਾ ਜੀਵਨ ਸਾਥੀ ਵੀ ਮੇਰੇ ਨਾਲ ਸ਼ਾਮਿਲ ਹੋ ਗਿਆ। ਚੰਡੀਗੜ੍ਹ ਵਿਖੇ ਪੰਜਾਬ ਇੰਜੀਨੀਅਰਿੰਗ ਕਾਲਜ ਵੱਲੋਂ ਸੈਕਟਰ 11 ਦੇ 576 ਨੰ: ਘਰ ਵਿਚ ਫੁੱਲ ਬੂਟੇ ਲਾਉਣ ਲਈ ਪਿਛਲੇ ਪਾਸੇ ਖੁੱਲ੍ਹਾ ਵਿਹੜਾ ਸੀ। ਗੁਰੂ ਨਾਨਕ ਕਾਲਜ ਨਡਾਲਾ ਵਿਚ ਚੰਡੀਗੜ੍ਹ ਦੇ ਰੋਜ਼ ਗਾਰਡਨ ਅਤੇ ਸੈਕਟਰ 23 ਦੀ ਨਰਸਰੀ ਤੋਂ ਗੁਲਾਬ ਅਤੇ ਕੈਕਟਸ ਦੇ ਪੌਦੇ ਲਿਆ ਕੇ ਲਾਏ ਗਏ ਪਰ ਕਲਰਾਠੀ ਜ਼ਮੀਨ ਨੇ ਪੇਸ਼ ਨਾ ਜਾਣ ਦਿੱਤੀ।

(ਚਲਦਾ)

* * * * *

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

104.

ਕਹਨੇ ਲਗੇ ਵੁਹ ਤੁਮ ਤੋ ਨਿਹਾਇਤ ਜ਼ਲੀਲ ਹੋ।
ਨਾਮਰਦੀ ਕੀ ਬਤਾਤੇ ਜਰੀਂ ਕੋ ਸਬੀਲ ਹੋ।
ਮੁਖ਼ਤਾਰ ਤੁਮ ਹਮਾਰੇ ਹੋ, ਯਾ ਤੁਮ ਵਕੀਲ ਹੋ।
ਨਾਹੱਕ ਬਿਆਨ ਕਰਤੇ ਜੋ ਬੋਦੀ ਦਲੀਲ ਹੋ।
ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਿਫ਼ੂਜ਼ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ।

ਖ਼ਾਨ ਭਰਾਵਾਂ ਨੇ ਉੱਤਰ ਵਿਚ ਕਿਹਾ ਕਿ ਤੁਸੀਂ ਨਿਹਾਇਤ ਕਮੀਣੇ ਹੋ, ਜੋ ਬਹਾਦਰਾਂ ਨੂੰ ਨਾਮਰਦੀ ਦੇ ਤੌਰ-ਤਰੀਕੇ ਦੱਸ ਰਹੇ ਹੋ। ਤੁਸੀਂ ਸਾਡੇ ਮੁਖ਼ਤਾਰ ਹੋ ਕਿ ਵਕੀਲ ਹੋ? ਨਿਕੰਮੀਆਂ ਦਲੀਲਾਂ ਤੇ ਗਲਤ ਬਿਆਨ ਦੇ ਰਹੇ ਹੋ। ਜੇਕਰ ਅਸੀਂ ਬਦਲਾ ਲੈਣਾ ਹੀ ਹੋਇਆ ਤਾਂ ਇਨ੍ਹਾਂ ਪਾਸੋਂ ਨਹੀਂ, ਸਿੱਧਾ ਇਨ੍ਹਾਂ ਦੇ ਬਾਪ ਤੋਂ ਲਵਾਂਗੇ। ਖ਼ੁਦਾ ਸਾਨੂੰ ਅਜਿਹੇ ਪਾਪ ਤੋਂ ਬਚਾ ਕੇ ਰੱਖੇ।

105.

ਝਾੜੇਂ ਵੋਹ ਖਾ ਕੇ ਦੋਨੋਂ, ਸ਼ਰਮਸਾਰ ਹੋ ਗਏ।
ਜੱਲਾਦ ਸਾਰੇ ਕਤਲ ਸੇ ਬੇਜ਼ਾਰ ਹੋ ਗਏ।
ਜ਼ਿਆਦਾ ਦਲੇਰ ਫਿਰ ਸਿਤਮ-ਆਜ਼ਾਰ ਹੋ ਗਏ।
ਦੀਵਾਰ ਮੇਂ ਚੁਨਾਨੇ ਕੋ ਵੁਹ ਤੱਯਾਰ ਹੋ ਗਏ।
ਈਂਟੇਂ ਮੰਗਾਈ, ਚੂਨਾ ਭੀ ਫੌਰਨ ਬਹਮ ਕੀਆ।
ਯਾਰਾ ਨਹੀਂ ਬਿਆਨ ਕਾ ਫਿਰ ਜੋ ਸਿਤਮ ਕੀਆ।

ਮਾਲੇਰਕੋਟਲੇ ਦੇ ਖ਼ਾਨਾਂ ਪਾਸੋਂ ਝਾੜਾਂ ਖਾ ਕੇ ਨਵਾਬ ਤੇ ਸੁੱਚਾ ਨੰਦ ਸ਼ਰਮਸਾਰ ਹੋ ਗਏ। ਸਾਰੇ ਜਲਾਦ ਵੀ ਕਤਲ ਤੋਂ ਬੜੇ ਦੁਖੀ ਸਨ। ਜ਼ਾਲਮ ਨਵਾਬ ਤੇ ਸੁੱਚਾ ਨੰਦ ਰੋਹ ਵਿਚ ਆ ਗਏ ਅਤੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕਰਨ ਲਈ ਤਿਆਰ ਹੋ ਗਏ। ਝੱਟ-ਪੱਟ ਇੱਟਾਂ ਮੰਗਵਾ ਲਈਆਂ ਗਈਆਂ, ਚੂਨਾ ਵੀ ਆ ਗਿਆ। ਉਪਰੰਤ ਜੋ ਕਹਿਰ ਗੁਜ਼ਰਿਆ, ਉਸ ਨੂੰ ਬਿਆਨ ਕਰਨ ਦੀ ਮੇਰੇ ਵਿਚ ਤਾਕਤ ਨਹੀਂ ਹੈ।

106.

ਲਪਕੇ ਲਈਨ ਦੋਨੋਂ ਵੁਹ ਸ਼ਹਿਜ਼ਾਦਗਾਨ ਪਰ।
ਹਮਲਾ ਕੀਆ ਜ਼ਲੀਲੋਂ ਨੇ ਹਰ ਆਲੀਸ਼ਾਨ ਪਰ।
ਥਾ ਇਨ ਕਾ ਕਿੱਸਾ ਲੇ ਕੇ ਚਲੇਂ ਅਬ ਮਚਾਨ ਪਰ।
ਬੁਨਿਯਾਦ ਥੀ ਧਰਮ ਕੀ ਖ਼ੁਦੀ ਜਿਸ ਮਕਾਨ ਪਰ।
ਸਤਿਗੁਰ ਕੇ ਲਾਲ ਬੋਲੇ ਨਾ ਛੂਨਾ ਹਮਾਰੇ ਹਾਥ।
ਗੜਨੇ ਹਮ ਆਜ ਜ਼ਿੰਦਾ ਚਲੇਂਗੇ ਖ਼ੁਸ਼ੀ ਕੇ ਸਾਥ।

ਦੋਨੋਂ ਕਮੀਣੇ ਸਾਹਿਬਜ਼ਾਦਿਆਂ ਉੱਤੇ ਟੁੱਟ ਕੇ ਪੈ ਗਏ। ਨੀਚਾਂ ਨੇ ਸ਼ਾਨਾਂ-ਮੱਤੇ ਲਾਲਾਂ ਉੱਤੇ ਹਮਲਾ ਕਰ ਦਿੱਤਾ। ਆਓ ਹੁਣ ਪ੍ਰਸੰਗ ਦੇ ਸਿਖ਼ਰ ਵੱਲ ਚੱਲੀਏ, ਜਿੱਥੇ ਗੌਰਵ ਧਰਮ ਦੀ ਬੁਨਿਆਦ ਸੀ। ਸਤਿਗੁਰਾਂ ਦੇ ਲਾਲਾਂ ਨੇ ਲਲਕਾਰਦੇ ਹੋਏ ਕਿਹਾ ਕਿ 'ਸਾਨੂੰ ਆਪਣੇ ਹੱਥ ਨਾ ਲਗਾਉਣਾ। ਅੱਜ ਅਸੀਂ ਆਪ ਖੁਸ਼ੀ ਨਾਲ ਦੀਵਾਰ ਵਿਚ ਜ਼ਿੰਦਾ ਚਿਣੇ ਜਾਣ ਲਈ ਜਾਵਾਂਗੇ।'

107.

ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵੁਹ ਨੌਨਿਹਾਲ।

ਕਹਤੇ ਹੁਏ ਜ਼ੁਬਾਂ ਸੇ ਬੜ੍ਹੇ 'ਸਤਿ ਸ੍ਰੀ ਅਕਾਲ'।

ਚਿਹਰੋਂ ਪੇ ਗ਼ਮ ਕਾ ਨਾਮ ਨਾ ਥਾ, ਔਰ ਨਾ ਥਾ ਮਲਾਲਾ।

ਜਾ ਠਹਿਰੇ ਸਰ ਪੇ ਮੌਤ ਕੇ ਫਿਰ ਭੀ ਨਾ ਥਾ ਖ਼ਯਾਲ।

ਜਿਸ ਦਮ ਗਲੇ ਗਲੇ ਥੇ, ਵੁਹ ਮਾਸੂਮ ਗੜ ਗਏ।

ਦਿਨ ਛੁਪਨੇ ਭੀ ਨਾ ਪਾਇਆ ਕਿ ਕਾਤਿਲ ਉਜੜ ਗਏ।

ਦੋਨੋਂ ਗੁਰੂ ਕੇ ਲਾਲ ਇਕ-ਦੂਜੇ ਦੇ ਹੱਥ ਵਿਚ ਹੱਥ ਪਾ ਕੇ ਅਤੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਉਂਦੇ ਹੋਏ ਚੱਲ ਪਏ। ਉਨ੍ਹਾਂ ਦੇ ਚਿਹਰਿਆਂ ਉੱਤੇ ਨਾ ਤਾਂ ਕੋਈ ਚਿੰਤਾ ਸੀ ਅਤੇ ਨਾ ਹੀ ਉਦਾਸੀ। ਮੌਤ ਦੇ ਸਿਰ ਉੱਤੇ ਖੜ੍ਹੇ ਸਨ, ਲੇਕਿਨ ਫਿਰ ਵੀ ਮੌਤ ਤੋਂ ਜ਼ਰਾ ਭੈ ਨਹੀਂ ਸੀ। ਜਦੋਂ ਉੱਸਰ ਰਹੀ ਦੀਵਾਰ ਮਾਸੂਮ ਲਾਲਾਂ ਦੇ ਗਲਾਂ ਤੀਕ ਪਹੁੰਚੀ ਤਾਂ ਦਿਨ ਤਾਂ ਭਾਵੇਂ ਅਜੇ ਨਹੀਂ ਸੀ ਛੁਪਿਆ ਲੇਕਿਨ ਕਾਤਲ ਆਪਣਾ ਕਾਰਾ ਕਰਕੇ ਚਲੇ ਗਏ ਸਨ।

108.

ਦੀਵਾਰ ਕੇ ਦਬਾਉ ਸੇ ਜਬ ਹਬਸਿ-ਦਮ ਹੁਆ।

ਦੌਰਾਨਿ-ਖ਼ੂਨ ਰੁਕਨੇ ਲਗਾ, ਸਾਂਸ ਕਮ ਹੁਆ।

ਫ਼ੁਰਮਾਏ ਦੋਨੋਂ ਹਮ ਪੇ ਬ-ਜ਼ਾਹਿਰ ਸਿਤਮ ਹੁਆ।

ਬਾਤਨ ਮੇਂ ਪੰਥ ਪਰ ਹੈ ਖ਼ੁਦਾ ਕਾ ਕਰਮ ਹੁਆ।

ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ।

ਸਰ ਕੌਮ ਸੇ ਬਚਾਨਾ ਯੇਹ ਗ਼ੈਰਤ ਸੇ ਦੂਰ ਥਾ।

ਦੀਵਾਰ ਦੇ ਦਬਾਉ ਨਾਲ ਜਦੋਂ ਸਾਹ ਘੁੱਟਣ ਲੱਗਾ ਅਤੇ ਨਾੜੀਏ ਵਿਚ ਖ਼ੂਨ ਦਾ ਦੌਰਾ ਰੁਕਣ ਲੱਗਾ ਤਾਂ ਸਵਾਸ ਲੈਣੇ ਔਖੇ ਹੋ ਗਏ। ਦੋਹਾਂ ਸਾਹਿਬਜ਼ਾਦਿਆਂ ਨੇ ਕਿਹਾ ਕਿ ਬੇਸ਼ੱਕ ਸਾਡੇ ਉੱਤੇ ਪ੍ਰਤੱਖ ਰੂਪ ਵਿਚ ਭਾਰੀ ਜ਼ੁਲਮ ਹੋਇਆ ਹੈ, ਲੇਕਿਨ ਅੰਦਰੂਨੀ ਤੌਰ ਉੱਤੇ ਇਸ ਨਾਲ ਪੰਥ ਉੱਤੇ ਪਰਮੇਸ਼ਰ ਦੀ ਮਿਹਰ ਹੀ ਹੋਈ ਹੈ। ਜੇਕਰ ਅਸੀਂ ਸੌ ਸਾਲ ਹੋਰ ਜ਼ਿੰਦਗੀ ਮਾਣ ਲੈਂਦੇ, ਫਿਰ ਵੀ ਤਾਂ ਮਰਨਾ ਹੀ ਸੀ। ਕੌਮ ਦੇ ਹਿੱਤਾਂ ਨੂੰ ਵਿਸਾਰ ਕੇ ਆਪਣੀ ਜਾਨ ਬਚਾਉਣਾ ਸ਼ਰਮ ਵਾਲੀ ਗੱਲ ਸੀ।

(ਚਲਦਾ)

● ● ●

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।


2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਸਿਹਤਮੰਦ ਰਹਿਣ ਲਈ ਯੋਗ ਸਮੇਂ ਦੀ ਲੋੜ

ਯੋਗ ਭਾਰਤ ਦੀ ਪੁਰਾਤਨ ਵਿਰਾਸਤ ਹੈ, ਇਹ ਸਰੀਰ, ਮਨ ਅਤੇ ਆਤਮਾ ਵਿਚਕਾਰ ਸੰਤੁਲਨ ਕਾਇਮ ਕਰਦਾ ਹੈ। ਅੱਜ ਦੇ ਦੌਰ ਵਿਚ ਜਿੱਥੇ ਇਨਸਾਨ ਦੀ ਉਮਰ ਲੰਬੀ ਹੋ ਰਹੀ ਹੈ, ਉਥੇ ਹੀ ਸਭ ਤੋਂ ਵੱਡੀ ਚੁਣੌਤੀ ਇਸ ਵਧਦੀ ਉਮਰ ਨੂੰ ਸਿਹਤਮੰਦ ਰੱਖਣ, ਸਰਗਰਮ ਰੱਖਣ ਅਤੇ ਖੁਸ਼ਹਾਲ ਰੱਖਣ ਦੀ ਹੈ। ਬੁਢਾਪਾ ਬਿਮਾਰੀ ਨਹੀਂ, ਜ਼ਿੰਦਗੀ ਦਾ ਸੁਨਹਿਰੀ ਦੌਰ ਹੈ। ਇਸ ਨੂੰ ਦਰਪੇਸ਼ ਆ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਦਾ ਸਭ ਤੋਂ ਉੱਤਮ ਅਤੇ ਕੁਦਰਤੀ ਹੱਲ ਹੈ ਯੋਗ। ਵੱਧਦੀ ਉਮਰ ਦੇ ਨਾਲ-ਨਾਲ ਸਰੀਰਕ ਅਤੇ ਮਾਨਸਿਕ ਸਮੱਸਿਆ ਨੂੰ ਹੱਲ ਕਰਨ ਵਾਸਤੇ ਯੋਗ ਦਿਵਸ ਮਨਾਇਆ ਜਾਂਦਾ ਹੈ।



ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਲੋਕ ਤਣਾਅ, ਮਾਈਗ੍ਰੇਨ, ਬਲੱਡ ਪ੍ਰੈਸ਼ਰ, ਸ਼ੂਗਰ, ਜੋੜਾਂ ਦੇ ਦਰਦ ਅਤੇ ਦਿਲ ਦੀਆਂ ਬਿਮਾਰੀਆਂ ਵਰਗੀਆਂ ਸਮੱਸਿਆਵਾਂ ਨਾਲ ਪੀੜਤ ਹਨ। ਵਧਦੀ ਉਮਰ ਦੇ ਨਾਲ-ਨਾਲ ਇਹ ਸਮੱਸਿਆ ਹੋਰ ਵੀ ਜ਼ਿਆਦਾ ਗੰਭੀਰ ਰੂਪ ਧਾਰ ਲੈਂਦੀਆਂ ਹਨ। ਯੋਗ ਨਾ ਸਿਰਫ਼ ਸਰੀਰ ਨੂੰ ਲਚਕੀਲਾ ਅਤੇ ਮਜ਼ਬੂਤ ਬਣਾਉਂਦਾ ਹੈ, ਸਗੋਂ ਮਨ ਨੂੰ ਸ਼ਾਂਤ ਅਤੇ ਇਕਾਗਰ ਵੀ ਰੱਖਦਾ ਹੈ। ਸਿਹਤਮੰਦ ਬੁਢਾਪਾ ਨਾ ਸਿਰਫ਼ ਲੰਬੀ ਉਮਰ ਦੀ ਨਿਸ਼ਾਨੀ ਹੈ, ਸਗੋਂ ਤੰਦਰੁਸਤ, ਸਰਗਰਮ ਅਤੇ ਖੁਸ਼ਹਾਲ ਜੀਵਨ ਜਿਉਣ ਦੀ ਇਕ ਕਲਾ ਹੈ। ਇਸ ਦਾ ਮਹੱਤਵ ਸਾਨੂੰ ਖੁਦ ਵੀ ਸਮਝਣਾ ਚਾਹੀਦਾ ਹੈ ਅਤੇ ਬਾਕੀਆਂ ਨੂੰ ਵੀ ਸਮਝਾਉਣਾ ਪਵੇਗਾ। ਵਧਦੀ ਉਮਰ ਦੇ ਨਾਲ-ਨਾਲ ਸਰੀਰ ਅਤੇ ਮਨ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਆਉਂਦੀਆਂ ਹਨ। ਯੋਗਾ ਬਜ਼ੁਰਗਾਂ ਅਤੇ ਵਧਦੀ ਉਮਰ ਦੇ ਲੋਕਾਂ ਲਈ ਇਕ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ।

ਸਰੀਰਕ ਲਚਕਤਾ ਅਤੇ ਮਜ਼ਬੂਤੀ : ਬੁਢਾਪਾ ਵਧਣ ਨਾਲ ਜੋੜਾਂ ਦੇ ਦਰਦ ਅਤੇ ਜਕੜਨ ਆਮ ਗੱਲ ਹੈ। ਲਚਕਤਾ ਅਤੇ ਤਾਕਤ ਇਕ ਦੂਜੇ ਦੇ ਵਿਰੋਧੀ ਨਹੀਂ। ਜਿੰਨੀਆਂ ਮਾਸਪੇਸ਼ੀਆਂ ਮਜ਼ਬੂਤ ਹੋਣਗੀਆਂ, ਓਨੀ ਹੀ ਸੇਫ਼ ਤਰੀਕੇ ਨਾਲ ਸਟ੍ਰੈਚ ਹੋ ਸਕੇਗੀ। ਯੋਗਾ ਵਿਚ ਸਟ੍ਰੈਚ, ਬੈਲੇਂਸ ਅਤੇ ਮਾਸਪੇਸ਼ੀਆਂ ਨੂੰ ਹੋਲਡ ਕਰਨ ਨਾਲ ਸਰੀਰ ਹੌਲੀ-ਹੌਲੀ ਖੁੱਲ੍ਹਦਾ ਹੈ ਅਤੇ ਤਾਕਤਵਰ ਬਣਦਾ ਹੈ। ਯੋਗ ਆਸਣ ਮਾਸਪੇਸ਼ੀਆਂ ਅਤੇ ਟਿਸ਼ੂਆਂ ਨੂੰ ਹੌਲੀ-ਹੌਲੀ ਖਿੱਚਦੇ ਹਨ। ਰੋਜ਼ 20-30 ਸਕਿੰਟ ਇੱਕੋ ਪੋਜ਼ ਹੋਲਡ ਕਰਨ ਨਾਲ ਮਾਸਪੇਸ਼ੀ ਫਾਈਬਰ ਲੰਬੇ ਹੁੰਦੇ ਹਨ। ਹਿੱਪ, ਮੋਢੇ, ਰੀੜ੍ਹ ਦੇ ਜੋੜਾਂ ਵਿਚ ਸਾਇਨੋਵੀਅਲ ਫਲੂਇਡ ਵਧਦਾ ਹੈ, ਜਿਸ ਨਾਲ ਅਕੜਾਹਟ ਘਟਦੀ ਹੈ। ਡੂੰਘੇ ਸਾਹ ਲੈਣ ਨਾਲ ਸਰੀਰ ਰਿਲੈਕਸ ਹੁੰਦਾ ਹੈ ਤੇ ਮਾਸਪੇਸ਼ੀਆਂ ਹੋਰ ਖੁੱਲ੍ਹਦੀਆਂ ਹਨ। ਜ਼ੋਰ ਲਗਾਉਣ ਨਾਲ ਉਲਟਾ ਅਕੜ ਜਾਂਦੀਆਂ ਹਨ। ਲਚਕਤਾ ਵਧਾਉਣ ਲਈ ਭੁਜੰਗਾਸਨ, ਪਸ਼ਚਿਮੋਤਾਨਾਸਨ, ਕਪੋਤਾਸਨ, ਤ੍ਰਿਕੋਣਾਸਨ ਸਭ ਤੋਂ ਉੱਤਮ ਆਸਣ ਹਨ। ਇਸ ਲਈ ਪਹਿਲਵਾਨ ਵੀ ਯੋਗਾ ਕਰਦੇ ਹਨ। ਇਹ ਸਰੀਰਕ ਲਚਕਤਾ ਅਤੇ ਮਜ਼ਬੂਤੀ ਲਈ ਬਹੁਤ ਅਸਰਦਾਰ ਹੈ।

ਮਾਨਸਿਕ ਸ਼ਾਂਤੀ ਅਤੇ ਤਣਾਅ ਮੁਕਤੀ : ਬੁਢਾਪੇ ਵਿਚ ਇਕੱਲਾਪਣ, ਚਿੰਤਾਂ ਅਤੇ ਡਿਪ੍ਰੈਸ਼ਨ ਵਰਗੀਆਂ ਸਮੱਸਿਆਵਾਂ ਘੇਰ ਲੈਂਦੀਆਂ ਹਨ। ਪ੍ਰਾਣਾਯਾਮ (ਸਾਹ ਲੈਣ ਦੀਆਂ ਕਿਰਿਆਵਾਂ) ਅਤੇ ਧਿਆਨ (ਮੈਡੀਟੇਸ਼ਨ) ਮਨ ਨੂੰ ਸ਼ਾਂਤ ਰੱਖਦੇ ਹਨ ਅਤੇ ਮਨੁੱਖ ਦੀ ਮਾਨਸਿਕ ਸਿਹਤ ਨੂੰ ਸੁਧਾਰਦੇ ਹਨ। ਯੋਗ ਸਰੀਰ ਦਾ ਤਣਾਅ ਦੂਰ ਕਰਦਾ ਹੈ, ਪ੍ਰਾਣਾਯਾਮ ਮਨ ਦਾ। ਦੋਵੇਂ ਮਿਲ ਕੇ ਨਰਵਸ ਸਿਸਟਮ ਨੂੰ 'ਫਾਈਟ ਔਰ ਫਲਾਈਟ' ਤੋਂ 'ਰੈਸਟ ਐਂਡ ਡਾਇਜੈਸਟ' ਮੋਡ 'ਚ ਲੈ ਕੇ ਆਉਂਦੇ ਹਨ। ਮਾਨਸਿਕ ਸ਼ਾਂਤੀ ਅਤੇ ਤਣਾਅ ਨੂੰ ਦੂਰ ਕਰਨ ਲਈ ਅਨੁਲੋਮ-ਵਿਲੋਮ, ਭ੍ਰਾਮਰੀ, ਬਾਲਾਸਨ, ਸ਼ਵਾਸਨ ਸਭ ਤੋਂ ਵਧੀਆਂ ਅਤੇ ਕਾਰਗਰ ਹਨ।

ਬਿਮਾਰੀਆਂ ਤੋਂ ਬਚਾਅ ਲਈ ਯੋਗ ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਵਧਾਉਣ, ਤਣਾਅ ਘਟਾਉਣ ਤੇ ਅੰਗਾਂ ਨੂੰ ਸਹੀ ਕੰਮ ਕਰਨ ਵਿਚ ਮਦਦ ਕਰਦਾ ਹੈ। ਰੋਜ਼ਾਨਾ ਯੋਗਾ ਕਰਨ ਨਾਲ ਬਲੱਡ ਪ੍ਰੈਸ਼ਰ ਕੰਟਰੋਲ ਵਿਚ




ਰਹਿੰਦਾ ਹੈ, ਦਿਲ ਦੀਆਂ ਬਿਮਾਰੀਆਂ ਦਾ ਖਤਰਾ ਘਟਦਾ ਹੈ ਅਤੇ ਸ਼ੂਗਰ ਵਰਗੀਆਂ ਪੁਰਾਣੀਆਂ ਬਿਮਾਰੀ ਨੂੰ ਕੰਟਰੋਲ ਕਰਨਾ ਆਸਾਨ ਹੋ ਜਾਂਦਾ ਹੈ। ਇਮਿਊਨਿਟੀ ਮਜ਼ਬੂਤ ਕਰਨ ਵਾਸਤੇ ਤੁਸੀਂ ਭੁਜੰਗਾਸਣ (ਇਹ ਫੇਫੜੇ ਖੋਲ੍ਹਦਾ, ਸਾਹ ਨਹੀਂ ਸਾਫ਼ ਕਰਦਾ, ਛਾਤੀ ਦੀ ਇਨਫੈਕਸ਼ਨ ਤੋਂ ਬਚਾਉਂਦਾ ਹੈ।), ਮਤਸਯਾਸਣ ਆਸਣ (ਇਹ ਥਾਈਰਾਇਡ ਤੇ ਪੈਰਾਥਾਇਰਾਈਡ ਗਲੈਂਡ ਐਕਟਿਵ, ਗਲੇ ਦੀ ਇਨਫੈਕਸ਼ਨ ਘੱਟ ਕਰਦਾ ਹੈ।), ਸੇਤੂ ਬੰਧਾਸਣ (ਖੂਨ ਦਾ ਦੌਰਾ ਸੁਧਾਰੇ, ਦਿਲ ਤੇ ਫੇਫੜੇ ਮਜ਼ਬੂਤ ਕਰਦਾ ਹੈ), ਤ੍ਰਿਕੋਣਾਸਣ (ਇਹ ਪਾਚਨ ਠੀਕ ਕਰਦਾ ਹੈ ਅਤੇ ਕਬਜ਼ ਤੇ ਐਸੀਡਿਟੀ ਤੋਂ ਬਚਾਉਂਦਾ ਹੈ)। ਸਾਹ ਦੀਆਂ ਕਸਰਤਾਂ ਵਿਚ ਤੁਸੀਂ ਰੋਜ਼ਾਨਾ ਅਨੁਲੋਮ-ਵਿਲੋਮ (ਇਹ ਨੱਕ ਦੀ ਨਲੀ ਸਾਫ਼ ਕਰਦਾ ਹੈ, ਆਕਸੀਜਨ ਵਧਾਉਂਦਾ ਹੈ, ਫੇਫੜਿਆਂ ਦੀ ਸਮਰੱਥਾ ਵਧਾਉਂਦਾ ਹੈ ਅਤੇ ਜ਼ੁਕਾਮ-ਖਾਂਸੀ ਨੂੰ ਰੋਕਦਾ ਹੈ), ਕਪਲਾਭਾਤੀ (ਇਹ ਪੇਟ ਦੇ ਅੰਦਰੂਨੀ ਅੰਗ ਡੀਟੋਕਸ, ਲੀਵਰ-ਕਿਡਨੀ ਸਾਫ਼ ਕਰਦਾ ਹੈ ਅਤੇ ਮੋਟਾਪੇ ਤੋਂ ਬਚਾਉਂਦਾ ਹੈ), ਭਸਤ੍ਰਿਕਾ (ਸਰੀਰ ਗਰਮ, ਖੂਨ ਸਾਫ਼, ਥਕਾਵਟ ਦੂਰ, ਸਰਦੀ ਵਿਚ ਖਾਸ ਫਾਇਦੇਮੰਦ ਹੈ) ਦਾ ਅਭਿਆਸ ਕਰੋ।

ਬੁਢਾਪਾ ਕੱਟਣਾ ਨਹੀਂ, ਜਿਊਣਾ ਹੈ। ਹਰ ਰੋਜ਼ ਦੀ ਸੈਰ ਤੁਹਾਨੂੰ ਦਵਾਈਆਂ ਤੋਂ ਦੂਰ ਅਤੇ ਪੋਤੇ-ਪੋਤੀਆਂ ਨਾਲ ਖੇਡਣ ਦੇ ਕਾਬਿਲ ਰੱਖੇਗੀ। ਪੈਰ ਚੱਲਣਗੇ ਤਾਂ ਜ਼ਿੰਦਗੀ ਚੱਲੇਗੀ। ਬੁਢਾਪੇ ਵਿਚ ਤੰਦਰੁਸਤ ਰਹਿਣ ਲਈ ਤੁਹਾਨੂੰ ਜਿੰਮ ਜਾਂ ਮਹਿੰਗੇ ਸਾਧਨਾਂ ਦੀ ਲੋੜ ਨਹੀਂ। ਕੇਵਲ ਇਕ ਦਰੀ ਜਾਂ ਮੈਟ ਦੀ ਜ਼ਰੂਰਤ ਹੈ ਜਿਸ ਤੇ ਬੈਠ ਕੇ ਤੁਸੀਂ ਯੋਗਾ ਕਰਨਾ ਹੈ। ਸਾਡੇ ਬਜ਼ੁਰਗ ਅਕਸਰ ਇਹ ਕਿਹਾ ਕਰਦੇ ਸਨ "ਚੱਲਦਾ ਪਾਣੀ ਨਿਰਮਲ, ਵਹਿੰਦਾ ਪਾਣੀ ਗੰਦਾ"। 50 ਸਾਲ ਤੋਂ ਉਮਰ ਵਾਲਿਆਂ ਵਾਸਤੇ ਰੋਜ਼ਾਨਾ ਦੀ ਸੈਰ ਦਿਲ, ਹੱਡੀਆਂ ਅਤੇ ਦਿਮਾਗ ਤਿੰਨਾਂ ਨੂੰ ਜਵਾਨ ਰੱਖਦੀ ਹੈ।

ਯੋਗਾ ਕਿਸੇ ਇਕ ਉਮਰ ਵਰਗ ਲਈ ਨਹੀਂ, ਸਗੋਂ ਹਰ ਵਿਅਕਤੀ ਲਈ ਹੈ। ਉਮਰ ਭਾਵੇ ਕੋਈ ਵੀ ਹੋਵੇ, ਯੋਗ ਨੂੰ ਅਪਣਾ ਕੇ ਅਸੀਂ ਸਾਰੇ ਤੰਦਰੁਸਤ, ਖੁਸ਼ਹਾਲ ਅਤੇ ਊਰਜਾਵਾਨ ਜੀਵਨ ਬਤੀਤ ਕਰ ਸਕਦੇ ਹਾਂ। ਜੇਕਰ ਨੌਜਵਾਨ ਅੱਜ ਤੋਂ ਹੀ ਯੋਗਾ ਅਪਣਾਉਣ, ਤਾਂ ਉਹ ਭਵਿੱਖ ਵਿਚ ਕਈ ਬਿਮਾਰੀਆਂ ਤੋਂ ਬਚ ਸਕਦੇ ਹਨ। ਇਸੇ ਤਰ੍ਹਾਂ ਬਜ਼ੁਰਗ ਰੋਜ਼ਾਨਾ ਯੋਗ ਕਰਕੇ ਆਪਣੀ ਸਰੀਰਕ ਸਮਰੱਥਾ ਅਤੇ ਆਤਮ-ਵਿਸ਼ਵਾਸ ਨੂੰ ਬਰਕਰਾਰ ਰੱਖ ਸਕਦੇ ਹਨ। ਆਓ, ਇਸ ਯੋਗ ਦਿਵਸ 'ਤੇ ਅਸੀਂ ਸਾਰੇ ਪ੍ਰਣ ਕਰੀਏ ਕਿ ਯੋਗ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਈਏ ਤਾਂ ਜੋ ਸਾਡਾ ਅੱਜ ਅਤੇ ਆਉਣ ਵਾਲਾ ਕੱਲ੍ਹ (ਬੁਢਾਪਾ) ਦੋਵੇਂ ਤੰਦਰੁਸਤ ਅਤੇ ਖੁਸ਼ਹਾਲ ਰਹਿ ਸਕਣ ਅਤੇ ਸਾਡਾ ਕੌਮਾਂਤਰੀ ਯੋਗ ਦਿਵਸ ਮਨਾਉਣ ਦਾ ਉਦੇਸ਼ ਸਫ਼ਲ ਹੋ ਸਕੇ।

ਰਜਨੀਸ਼ ਕੁਮਾਰ

ਐਫ. ਐਮ. 70, ਮਾਡਲ ਹਾਊਸ, ਜਲੰਧਰ, 9417065272



● ● ●

ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਲੱਭਣਾ ਚਾਹੀਦਾ ਹੈ।

ਕਾਵਿ-ਕਿਆਰੀ

ਕਵਿਤਾ / ਅੱਜਕਲ੍ਹ ਬੱਚੇ

ਸੁਰਿੰਦਰ ਮਕਸੂਦਪੁਰੀ



ਉਦਾਸ ਹੈ ਅੱਜਕਲ੍ਹ
ਪਤੰਗਾਂ ਦਾ ਅੰਬਰ
ਕਿਉਂਕਿ
ਪਤੰਗਬਾਜ਼ੀ ਦੇ ਆਸ਼ਕ ਬੱਚੇ
ਪਾ ਬੈਠੇ ਨੇ
ਮੋਬਾਈਲਾਂ ਦੀ ਤਲਿਸਮੀ
ਦੁਨੀਆਂ ਸੰਗ ਪੇਚਾ

ਬੱਚੇ ਹੁਣ
ਪਬਲਿਕ ਪਾਰਕਾਂ
ਖੇਡ ਮੈਦਾਨਾਂ 'ਚ
ਝੂਲੇ ਝੂਲਣ, ਜਾਂ
ਮਨਪਸੰਦੀ ਖੇਡ ਖੇਡਣ ਨਹੀਂ ਜਾਂਦੇ
ਕਿਉਂਕਿ
ਇੰਟਰਨੈੱਟ, ਫੇਸਬੁੱਕ, ਵਟਸਐਪ, ਮੈਸੰਜਰ
ਦੇ ਭੁੱਲ-ਭੁਲਾਈਏ 'ਚ ਗੁਆਚੇ
ਉਹ ਤਾਂ
ਬਨਾਉਟੀ ਖੇਡਾਂ ਦੇ ਦੀਵਾਨੇ ਨੇ ਅੱਜਕਲ੍ਹ

ਰੁੱਸਿਆ-ਰੁੱਠਿਆ ਏ ਅੱਜ
ਸਾਉਣ ਮਹੀਨੇ ਦੇ ਮੀਂਹ ਦਾ ਪਾਣੀ
ਕਿਉਂਕਿ
ਬੱਚੇ ਹੁਣ ਕਿਲਕਾਰੀਆਂ ਮਾਰਦੇ
ਨੱਚਦੇ ਗਾਉਂਦੇ
ਬਰਸਾਤ ਦੀ ਛਹਿਬਰ ਵਿੱਚ
ਨੰਗ-ਧੜੰਗੇ ਨਹੀਂ ਨਹਾਉਂਦੇ
ਤੇ ਕਾਗਜ਼ ਦੀਆਂ ਕਿਸ਼ਤੀਆਂ/ਜਹਾਜ਼ ਬਣਾ
ਵਹਿੰਦੇ ਪਾਣੀਆਂ 'ਚ ਨਹੀਂ ਵਹਾਉਂਦੇ
ਆਰਥਿਕ ਮੰਦੀ ਦਾ ਮਾਰਿਆ
ਗ਼ਰੀਬੀ ਦਾ ਲਤਾੜਿਆ
ਵਿਚਾਰਾ ਭੁੱਖਣ-ਭਾਣਾ ਹੀ
ਘੁੰਮਦਾ ਏ ਗਲੀਆਂ 'ਚ
ਦਾਲ, ਸੇਵੀਆਂ, ਗੱਚਕ
ਮਰੂੰਡਾ, ਮੂੰਗਫਲੀ ਵੇਚਣ ਵਾਲਾ ਮੰਗਾ
ਕਿਉਂਕਿ
ਬੱਚੇ ਤਾਂ ਬਸ
ਪੀਜ਼ਾ, ਬਰਗਰ, ਨੂਡਲ ਖਾਣਾ ਹੀ
ਗਿੱਝ ਗਏ ਨੇ ਅੱਜਕਲ੍ਹ


'ਮਕਸੂਦਪੁਰੀ' ਬੱਚੇ ਨਹੀਂ ਸਮਝਦੇ ਹੁਣ
ਮੋਹਵੰਤੇ ਮੁਹੱਬਤੀ ਰਿਸ਼ਤਿਆਂ ਦੀ
ਅਪਣੱਤ ਦੀ ਭਾਸ਼ਾ
ਕਿਉਂਕਿ
ਉਹ ਤਾਂ ਅਪਣਾ ਬੈਠੇ ਨੇ ਅੱਜਕਲ੍ਹ
ਆਪਣੇ ਫੇਸਬੁੱਕੀਏ
ਫ਼ਰਜ਼ੀ ਦੋਸਤਾਂ ਦਾ
ਥੋੜ੍ਹਚਿਰਾ ਖੇਡ ਤਮਾਸ਼ਾ।

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

* * * * *

ਕਵਿਤਾ/ ਬਾਲ ਦਿਵਸ

ਰਤਨ ਟਾਹਲਵੀ



ਸੁਣੋ ! ਸੁਣੋ !
ਨਗਰ ਨਿਵਾਸੀ, ਸ਼ਹਿਰ ਨਿਵਾਸੀ
ਸੁਣੋ ! ਸੁਣੋ !
ਤੁਹਾਡੇ ਹੀ ਆਪਣੇ ਚੌਰਾਹੇ ਦੀ ਨੁੱਕਰੇ
ਇੱਕ ਢਾਬਾ ਗਿਆ ਏ ਖੁੱਲ੍ਹ
ਜਿੱਥੇ ਖਾਣ-ਪੀਣ
ਤੇ ਫਿਰ ਪੀਣ ਦੀ ਹੋਵੇਗੀ ਖੁੱਲ੍ਹ
ਵਾਸਤੇ
ਲੋਕਾਂ ਦੀ ਜੂਠ ਧੋਣ ਤੇ ਜੂਠ ਖਾਣ ਲਈ
ਇੱਕ ਪੰਜ ਸਾਲਾ ਬੱਚੇ ਦੀ ਜ਼ਰੂਰਤ ਹੈ
ਤੇ ਫਿਰ
ਸੁਣੋ ! ਸੁਣੋ !
ਹਰ ਨਗਰ ਨਿਵਾਸੀ ਸੁਣੋ
ਤੁਹਾਡੇ ਆਪਣੇ ਹੀ ਸੇਠ ਦੀ ਫੈਕਟਰੀ ਵਿੱਚ
ਕੁਝ ਚਾਰ-ਚਾਰ ਸਾਲਾ ਬੱਚਿਆਂ ਦੀ
'ਵਾਜਬ ਮੁੱਲ' 'ਤੇ
ਕੰਮ ਕਰਵਾਉਣ ਲਈ ਜ਼ਰੂਰਤ ਹੈ।
ਛੇਤੀ-ਛੇਤੀ ਅਪਲਾਈ ਕਰੋ।
ਸੁਣੋ ! ਸੁਣੋ !

ਤੇ ਆਓ !
ਅਸੀਂ ਵੋਟਾਂ ਦੇ ਮਾਲਕ
ਬੱਚਿਆਂ ਨੂੰ ਆਹਰੇ ਲਾਉਣ ਲਈ
ਦੇਸ਼ ਦੀ ਕਾਨੂੰਨ ਸਭਾ 'ਚ
ਬਾਲ ਦਿਵਸ ਮਨਾਉਣ ਲਈ
ਪੱਕਾ ਕਾਨੂੰਨ ਬਣਾਈਏ।
ਤਾਂ ਕਿ
ਬੱਚੇ ਪਹਿਲ ਦੇ ਆਧਾਰ 'ਤੇ
ਕਿਸੇ ਫੈਕਟਰੀ, ਅਦਾਰੇ, ਢਾਬੇ 'ਤੇ
ਮਾਲਕ ਦੀ ਝਿੜਕੀ ਨਿਗਰਾਨੀ ਹੇਠ
'ਨਿਸ਼ਚਿੰਤ' ਹੋ ਰੋਜ਼ੀ ਦਾ ਸ਼ੋਸ਼ਣ ਕਰਵਾ ਸਕਣ।
ਆਖਰ ਬੱਚੇ
ਕਿਸੇ ਦੇਸ਼ ਦਾ ਭਵਿੱਖ ਤਾਂ ਹੁੰਦੇ ਹਨ।

* * * * *

ਕਵਿਤਾ/ ਦੁਨੀਆਂ

ਜੇਕਰ ਬੰਦਾ ਚੁੱਪ ਹੈ ਰਹਿੰਦਾ,
ਦੁਨੀਆਂ ਮੀਸਣਾ ਕਹਿੰਦੀ ਹੈ ,
ਥਾਂ-ਥਾਂ ਓਹਦੀ ਭੰਡੀ ਕਰਕੇ,
ਮੀਸਣਾ ਅੱਲ੍ਹ ਪਕਾਉਂਦੀ ਹੈ ।

ਜੇਕਰ ਥੋੜਾ ਬੋਲ ਕੋਈ ਲੈਂਦਾ,
ਦੁਨੀਆ ਭੌਂਕੜ ਕਹਿੰਦੀ ਹੈ,
ਬੇਅਕਲੇ ਦਾ ਖਤਿਾਬ ਬਖਸ ਕੇ,
ਹੱਸ-ਹੱਸ ਪੁੱਠੀ ਪੈਂਦੀ।

ਜੇਕਰ ਕੋਈ ਰੰਗ ਦਾ ਕਾਲਾ,
ਓਹਨੂੰ ਵੀ ਖੂਬ ਸਤਾਉਂਦੀ ਹੈ,
ਮਾਰ ਕੇ ਕਾਲੇ ਰੰਗ ਦਾ ਮਿਹਣਾ,
ਚੜ੍ਹੀ ਗੁੱਡੀ ਉਹਦੀ ਲਾਹੁੰਦੀ ਹੈ ।

ਜੇਕਰ ਗੋਰਾ ਕੋਈ ਹੈ ਬਹੁਤਾ,
ਮੋਹਰ ਘੁਮੰਡੀ ਦੀ ਓਹਦੇ ਤੇ ਲਾਉਂਦੀ ਹੈ ,
ਤੇਰੇ ਵਰਗੇ ਬੜੇ ਹੋਰ ਨੇ ਕਹਿ ਕੇ,
ਓਹਨੂੰ ਵੀ ਸਬਕ ਸਿਖਾਉਂਦੀ ਹੈ ।

ਜੇਕਰ ਝੂਠ ਕੋਈ ਹੈ ਬੋਲੇ,
ਤਮਗਾ ਗੱਪੀ ਦਾ ਗਲ ਉਹਦੇ ਪਾਉਂਦੀ ਹੈ ,
ਆ ਗਿਆ ਝੂਠਾ ਦੂਰੋਂ ਦੇਖ ਕੇ,
ਮਹਿਫਲ 'ਚ ਗੱਲ ਉਡਾਉਂਦੀ ਹੈ ।

ਜੇਕਰ ਸੱਚ ਕੋਈ ਹੈ ਬੋਲੇ,
ਹਰੀਸਚੰਦਰ ਦਾ ਪੁੱਤਰ ਬਣਾਉਂਦੀ ਹੈ ,
ਘੜ ਕੇ ਵਿਉਂਤਾਂ ਕਈ ਝੂਠੀਆਂ,
ਮਨਸੂਰ ਜਿਹੇ ਹੈ ਫਾਹੇ ਲਾਉਂਦੀ ਹੈ ।

ਜੇਕਰ ਦੁੱਖ ਸੁਣਦਾ ਕੋਈ ਕਿਸੇ ਦਾ,
ਵੱਡਾ ਆ ਗਿਆ ਹਮਦਰਦੀ ਕਹਿੰਦੀ,
ਕੁੱਤੇ ਜਿੰਨੀ ਘਰ ਕਦਰ ਇਹਦੀ ਕਹਿ ਕੇ,
ਜਮਾਂ ਹੀ ਕੱਚੇ ਲਾਹੁੰਦੀ ਹੈ ।

ਚੁੱਪ ਤੇ ਬੋਲਣਾ ਦੋਨੋਂ ਮਾੜੇ,
ਕਾਲੇ-ਗੋਰੇ ਦੀ ਵੀ ਚੰਗੀ ਲਾਹੁੰਦੀ ਹੈ ,
ਛੱਡ 'ਸੁਖਵਿੰਦਰ' ਪ੍ਰਵਾਹ ਦੁਨੀਆ ਦੀ,
ਇਹ ਸਭ ਸਿਰ ਮਿੱਟੀ ਹੀ ਪਾਉਂਦੀ ਹੈ।



'ਸੁਖਵਿੰਦਰ ਸਿੰਘ ਜਲਾਲਪੁਰੀ'
ਇੰਸਪੈਕਟਰ ਸੀ.ਬੀ.ਆਈ.
ਮੋਬਾਇਲ ਨੰ : 99063-81482

* * * * *

ਕਵਿਤਾ/ ਵਿਗੜੇ ਹਾਲਾਤਾਂ ਨੂੰ ਤੂੰ ਬਿਹਤਰ ਕਰ ਲੈ ਵੇ

ਵਿਗੜੇ ਹੋਏ ਹਾਲਾਤਾਂ ਨੂੰ, ਤੂੰ ਬਿਹਤਰ ਕਰ ਲੈ ਵੇ।
ਹੁਣ ਤੂੰ ਆਪੇ ਅੱਗੇ ਆ ਕੇ, ਸੁਧਾਰ ਕਰ ਲੈ ਵੇ।
ਜੇ ਤੂੰ ਹੁਣ ਅੱਗੇ ਨਾ ਆਇਆ, ਸੁਧਾਰ ਕੀ ਹੋਣਾ ਵੇ।
ਵਿਗੜਿਆ ਹੋਇਆ ਹੋਰ ਵਿਗੜ ਜਾਣਾ, ਸਮਾਂ ਹੱਥ ਨੀ ਆਉਣਾ ਵੇ।
ਸਮਾਂ ਲੰਘ ਗਿਆ ਫਿਰ ਨੀ ਮਿਲਣਾ, ਹੱਥੋਂ ਲੰਘ ਜਾਂਦਾ ਵੇ।
ਫਿਰ ਤੈਨੂੰ ਪਛਨਾਣਾ ਪੈਂਦਾ ਵੇ, ਫਿਰ ਹੱਥ ਕੁਝ ਨਹੀਂ ਆਉਂਦਾ ਵੇ।
ਜ਼ਖ਼ਮ ਆਵੇ ਅਗਰ ਤੇਰੇ ਸਰੀਰ ਦੇ ਅੰਦਰ, ਮਲ੍ਹਮ ਲਗਾ ਲੈ ਵੇ।
ਨਹੀਂ ਤਾਂ ਇਸ ਨੇ ਹੋਰ ਵਿਗੜ ਕੇ, ਤੈਨੂੰ ਬਹੁਤ ਸਤਾਣਾ ਵੇ।
ਸਮੇਂ ਸਿਰ ਆਪਣੇ ਕੰਮ ਤੂੰ ਕਰ ਲੈ, ਨਹੀਂ ਪਛਤਾਣਾ ਪੈਣਾ ਵੇ।
ਭੁਲ੍ਹੇ ਬੇਰਾਂ ਦਾ ਕੁਝ ਨੀ ਵਿਗੜਿਆ, ਹੁਣ ਤਾਂ ਸੰਭਲ ਜਾ ਵੇ।
ਆਪੇ ਅੱਗੇ ਆ ਕੇ ਸੁਧਾਰ ਤੂੰ ਕਰ ਲੈ, ਨਹੀਂ ਤਾਂ ਪਛਤਾਣਾ ਪੈਣਾ ਵੇ।



ਮਨਮੋਹਨ ਸਿੰਘ
ਡਿਪਟੀ ਡਾਇਰੈਕਟਰ (ਰਿਟਾ.)
ਪਿੰਡ ਅਟੱਲਗੜ੍ਹ, ਮੁਕੇਰੀਆਂ

ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

The Earth




In last issue, we have gone through the inner, outer parts of earth and as well as their further divisions. Let us see that how the outer part of the earth is divided and given the name of landforms. Now further we can see the classifications of the land form. There are four major landforms such as mountains, which are on 12% of the total global surface area, hills are 14%, plateau is 33% and the fourth one is plain which is 41% of the total global surface area.

Now if we take one by one mountains, which are based on their mode of formation, four main types of mountains can be distinguished as Fold mountains, Block mountains, Volcanic mountains and Residual mountains, Fold mountains, formed due to the compressive forces generated by endogenetic forces (earthquake, land slide etc.) examples of fold mountains : Himalayas, Alps, Andes, Rockies, Atlas etc. on the basis of age, fold mountains are grouped into two parts (i) young new fold mountains (ii) old fold mountains.

The young/new fold mountains came into existence after the continental drift e.g. Himalayas are regarded as the youngest mountains in the world. And the old fold mountains belongs to pre-drift era, then subject to denudation (In geology, denudation involves the processes that cause the wearing away of the earth's surface by moving water, by ice, by wind and by waves, leading to a reduction in elevation and in relief of landforms and of landscape.) and uplift, e.g. Pennines (Europe), Appalachians (U.S.), Aravallis (India) etc. Next comes Block mountains, which formed when great block of earth's crust may be raised or lowered due to tectonix (Relating to the structure of the surface of the earth and the way it is formed, changed and moved by forces inside it.) activities. The land between the two paralled faults either rises forming block mountains or horsts or subsides into depression termed as rift valleyor graben. Example of block mountains are vindhyan and satpura in India, the vasges in France and Black forest in Germany (through which Rhine river flows).

Next is volcanic mountains, which are formed due to accumulation of volcanic material. It is also called us mountains of Accumulation. Examples for this, Mt Fuji (Japan), cotopaxi in Andes, Vesuvius and Etna is Italy. Mt Mayon (Philippines) etc. Last one comes Residual mountains which are formed as a result of erosion of plateaus and high planes by various agents of erosion. Examples for this : catskill mountains of New York, Sierras of spain, Highland of scotland and Nilgiri, Parasnath, Girnar, Deccan Plateau and Rajmahal of India.



MATRIMONIAL



ALLIANCE INVITED FOR A GURSIKH LUBANA GIRL, 27 YEARS OLD, HEIGHT 5'6". SHE IS AN AUSTRALIAN CITIZEN AND SUCCESSFULLY WORKING AS A LAWYER IN MELBOURNE. LOOKING FOR A WELL-EDUCATED AND PROFESSIONALLY ESTABLISHED GURSIKH BOY CURRENTLY SETTLED IN MELBOURNE. KINDLY RESPOND WITH A DETAILED BIO-DATA AND RECENT PHOTOGRAPHSTO: jaswinder2466@gmail.com. CONTACT +918146081944.

* * * * *

SEEKING MATCH FOR SIKH LUBANA BOY 19.09.1997 BORN (27 YEARS), HEIGHT 5'6", NON-VEGETARIAN, QUALIFICATION B.A FROM PUNJAB UNIVERSITY, OCCUPATION- SECURITY OFFICER IN AVIATION SECTOR (INDIGO AIRLINES), CHANDIGARH. FAMILY- FATHER IN REAL ESTATE FOR RESIDENTIAL & COMMERCIAL & AGRICULTURE LAND, MOTHER – GOVT. JOB AND ONE ELDER SISTER MARRIED AND STAYING IN USA NOW. "CONTACT FOR MORE DETAILS - 9877752737, 8427907533.

* * * * *

LOOKING FOR MATCH 35 YEARS JUNE 1990 BORN SIKH LABANA HANDSOME & FAIR COMPLEXION BOY, HEIGHT 5'7", BIRTH PLACE NEW DELHI, LIVING IN BRAMPTON, ONTARIO, CANADA, CITIZEN OF CANADA, QUALIFICATON – MASTER DEGREE IN MECHNICAL ENGINEERING & MINI MBA IN ALL STREAMS, PRIVATE FULL TIME JOB- AS A PROJECT MANAGER IN A COMMERCIAL HVAC AND PLUMBING COMPANY. FATHER & MOTHER (PR) RETD. FROM CANADA AND LIVING IN CANADA/ DELHI. SIBLING – ONE ELDER SISTER (MARRIED) & CITIZEN OF CANADA, SETTLED IN BRAMPTON. PREF. A FAMILY ORIENTED GIRL WHO IS WELL EDUCATED, RESPECTFUL, HONEST & WORKING PERMANENT RESIDENT OR CITIZEN OF CANADA. CONTACT – 9868825748, CANADA NUMBER +6473087399.

* * * * *

Suitable match for MBBS Govt. doctor, handsome lobana boy, 1995 born, 5'7" suitable medical beautiful good looking girl preferred well settled family having rural and urban properties. Parents in Govt. Job. Serious equiries only. Contact - 83180-31026.

* * * * *

LOOKING MATCH FOR 25 YRS, HEIGHT 5'11", FAIR COMPLEXION LUBANA SIKH BOY EDUCATION B.TECH (CSE) OCCUPATION – BUSINESS (MEN'S FASHION & CLOTHING SHOWROOM), NATURE -KIND HEARTED NATURE GENTLEMAN WITH A BALANCED MIX OF MODERN OUTLOOK & TRADITIONAL VALUES, AMBITIOUS, CARING & UNDERSTANDING. HOBBIES – LOVES ADVENTURE TRIPS, GYM, EXPLORING NATURE AND DISCOVERING NEW FOOD SPOTS. FAMILY – FATHER GOVT. SERVICE (GROUP A GAZETTED OFFICER), MOTHER – HOMEMAKER, SIBLINGS – ONE BROTHER, FAMILY RESIDENCE CURRENLY IN MOHALI. CONTACT – 9818852417.

* * * * *

MATCH FOR HANDSOME LABANA SIKH BOY 1997/6 FT, B.TECH + MBA, WORKING IN MNC AS MANAGER. PARENTS GOVT. (RETD.) SIBLINGS – TWO SISTERS, ONE MARRIED. BOY GOT HANDSOME SALARY. CONTACT-94665-04766.

* * * * *

SEEKING MATCH FOR WELL SETTELED HANDSOME HINDU BOY DOB 16.03.1998, HEIGHT 5'11", M. TECH (IT) IIIT ALLAHBAAD, WORKING AS SOFTWARE ENGINEER AT MUMBAI. PERMANENT RESIDENCE IN CHANDIGARH, FAMILY - FATHER PRIVATE BUSINESS, MOTHER RETD FROM GOVT. JOB, TWO ELDER SISITERS ALREADY MARRIED AND WELL SETTLED. GIRL FROM CHANDIGARH, MOHALI, PANCHKULA & ZIRAKPUR IN SAME OR UPPER CASTE & IT FILED OR TEACHING LINE. CONTACT – MOTHER 9465226647, FATHER 9417318380

* * * * *

Respectable lobana sikh family seeks a sitable match for 'B' Pharmacy, Amritdhari Boy, 1997 born, 5'7" own medical store. Urban and rural properties. Amritdhar sikh girl in preferred. Contact - 70096-97662.

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

• • •

ਹਰ ਘਰ ਵਿੱਚ ਅੰਮ੍ਰਿਤ ਵੇਲੇ ਸ੍ਰੀ ਜਪੁਜੀ ਸਾਹਿਬ ਦੇ ਇੱਕ ਪਾਠ ਕਰਨ ਦਾ ਦਸਤੂਰ ਅਪਨਾਉ। ਤੁਹਾਨੂੰ ਘਰ ਵਿਚ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਵਰਤਦੀ ਨਜ਼ਰ ਆਵੇਗੀ।

ਜੂਨ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਮ.ਨੰ.187, ਹਰਦਿਆਲ ਨਗਰ, ਜਲੰਧਰ	854	1000/-	08.06.2026
2.	ਸ.ਰਵਿੰਦਰ ਸਿੰਘ ਮ.ਨੰ: 2092, ਸੈਕਟਰ-45, ਚੰਡੀਗੜ੍ਹ	855	200/-	15.06.2026
3.	ਸ਼੍ਰੀਮਤੀ ਚਮਨਜੋਤ ਕੌਰ ਮ.ਨੰ: 66, ਸ਼ਾਸਤਰੀ ਨਗਰ, ਜਲੰਧਰ	856	100/-	15.06.2026
4.	ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ.), ਮ.ਨੰ: 62, ਸੈਕਟਰ-71, ਮੋਹਾਲੀ (ਆੱਨਲਾਈਨ ਪ੍ਰਾਪਤ ਕੀਤੇ।)	857	500/-	15.06.2026
5.	ਸ਼੍ਰੀਮਤੀ ਗੁਰਦਰਸਨ ਕੌਰ ਲੁਬਾਣਾ ਮ.ਨੰ: 408ਡੀ, ਅਜ਼ਾਦ ਨਗਰ, ਪਟਿਆਲਾ	858	300/-	15.06.2026
6.	ਲੈ. ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ।	859	200/-	15.06.2026
7.	ਸ. ਜਗੀਰ ਸਿੰਘ ਮ.ਨੰ: 2258/2, ਸੈਕਟਰ-45ਸੀ, ਚੰਡੀਗੜ੍ਹ	860	200/-	15.06.2026
8.	ਸ.ਰਵਿੰਦਰ ਸਿੰਘ ਮ.ਨੰ: 2092, ਸੈਕਟਰ-45, ਚੰਡੀਗੜ੍ਹ	861	500/-	21.06.2026
9.	ਸ. ਜਗੀਰ ਸਿੰਘ ਲਾਲੀਆ ਮ.ਨੰ: 1838, ਫ਼ੇਸ-7, ਮੋਹਾਲੀ	862	500/-	21.06.2026
10.	ਸ. ਹਰਭਜਨ ਸਿੰਘ ਡੀ.ਆਈ.ਜੀ. (ਰਿਟਾ.) ਵਾਈ-204, ਫ਼ਾਲਕਨ ਵਿਉ, ਸੈਕਟਰ-66ਏ, ਮੋਹਾਲੀ	863	500/-	21.06.2026
11.	ਸ.ਸੁੱਖਵੰਤ ਸਿੰਘ ਮ.ਨੰ: 296/11, ਜਸਵੰਤ ਨਗਰ, ਜਲੰਧਰ	864	1000/-	21.06.2026
12.	ਸ.ਸੁਖਬੀਰ ਸਿੰਘ ਮ.ਨੰ: 296, ਸੈਕਟਰ-71, ਮੋਹਾਲੀ	865	500/-	21.06.2026
13.	ਸ.ਸੁਰਿੰਦਰ ਸਿੰਘ ਰੂਬੀ ਸੀਨੀ. ਵੀ.ਪੀ. ਪੰਜਾਬ , ਜੀ.ਜੀ.ਐਸ. ਐਵਨਯੂ, ਜਲੰਧਰ	866	500/-	21.06.2026
14.	ਸ. ਅਵਤਾਰ ਸਿੰਘ, ਡੀ.ਐਸ.ਪੀ. (ਰਿਟਾ.) ਮ.ਨੰ: 17, ਰਮਨੀਕ ਨਗਰ, ਮਾਡਲ ਹਾਉਸ, ਜਲੰਧਰ	867	500/-	21.06.2026

15.	ਸ. ਬਲਵਿੰਦਰ ਸਿੰਘ, ਛੋਟੀ ਬਾਰਾਦਰੀ, ਜਲੰਧਰ	868	2000/-	21.06.2026
16.	ਸ. ਸੁਖਜਿੰਦਰ ਸਿੰਘ ਸਪੁੱਤਰ ਸ. ਦਲੀਪ ਸਿੰਘ, ਮਕਸੂਦਾਂ, ਜਲੰਧਰ	869	5100/-	21.06.2026
17.	ਬਾਬਾ ਸੰਤ ਪ੍ਰੇਮ ਸਿੰਘ ਸੋਸਾਇਟੀ, ਮਕਸੂਦਾਂ, ਜਲੰਧਰ	870	21000/-	21.06.2026
18.	ਇੰਜ. ਪਰਮਿੰਦਰਜੀਤ ਸਿੰਘ ਮ.ਨੰ: 524, ਗਰੀਨ ਮਾਡਲ ਟਾਊਨ, ਜਲੰਧਰ	871	500/-	21.06.2026
19.	ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ ਮ.ਨੰ: 2354, ਫ਼ੇਸ-10, ਮੋਹਾਲੀ	872	200/-	21.06.2026
20.	ਸ. ਚਰਨਜੀਤ ਸਿੰਘ, ਮ.ਨੰ: 600, ਫ਼ੇਸ-9, ਮੋਹਾਲੀ	873	200/-	21.06.2026
21.	ਲੈ. ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ।	874	1000/-	21.06.2026
22.	ਕਰਨਲ ਜੇ. ਐਸ. ਮੁਲਤਾਨੀ (ਰਿਟਾ.) ਮ.ਨੰ: 114, ਸੈਕਟਰ-33ਏ, ਚੰਡੀਗੜ੍ਹ।	875	500/-	21.06.2026
23.	ਕਰਨਲ ਹਰਦੀਪ ਸਿੰਘ ਮ.ਨੰ: 5483, ਐਰੋਸਿਟੀ, ਬਲਾਕ ਐਫ਼, ਮੋਹਾਲੀ	876	500/-	21.06.2026
24.	ਇੰਜ. ਹਰਦੇਵ ਸਿੰਘ ਸ਼੍ਰੀਮਤੀ ਕੁਲਵੰਤ ਕੌਰ, ਮ.ਨੰ: 1747, ਫ਼ੇਸ-7, ਮੋਹਾਲੀ	877	500/-	21.06.2026
25.	ਸ. ਜਗੀਰ ਸਿੰਘ ਮ.ਨੰ: 2258/2, ਸੈਕਟਰ-45ਸੀ, ਚੰਡੀਗੜ੍ਹ	878	500/-	21.06.2026
26.	ਸ. ਅਮਰਜੀਤ ਸਿੰਘ ਮੁਲਤਾਨੀ ਮ.ਨੰ: 42, ਸੈਕਟਰ-16ਏ, ਮੋਹਾਲੀ	879	500/-	21.06.2026
27.	ਬੀਬੀ ਹਰਸ਼ੀਨ ਕੌਰ ਮ.ਨੰ: 2258, ਸੈਕਟਰ-45ਸੀ, ਚੰਡੀਗੜ੍ਹ	880	100/-	21.06.2026
28.	ਗੁਪਤਦਾਨ (ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ), ਜਲੰਧਰ	881	5000/-	21.06.2026

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188

ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਸਾਲਾਨਾ ਬਰਸੀ ਬਮਸ਼ਲ ਫਾਊਂਡੇਸ਼ਨ ਚੰਡੀਗੜ੍ਹ ਵਿਖੇ ਸ਼ਰਧਾ ਪੂਰਵਕ ਮਨਾਈ ਗਈ



ਮਿਤੀ 21-06-2026 ਦਿਨ ਐਤਵਾਰ ਵਰਕਿੰਗ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਹੋਈ



Postal No. - Jallandhar Vide No. L-4/PB/JL-0196/2024-2026

ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਸਾਲਾਨਾ ਬਰਸੀ ਬਮਸ਼ਲ ਫਾਊਂਡੇਸ਼ਨ ਚੰਡੀਗੜ੍ਹ ਵਿਖੇ ਸ਼ਰਧਾ ਪੂਰਵਕ ਮਨਾਈ ਗਈ

